
# ਆਤਮ ਰੰਗ

ਜਿਲਦ ੨੩ ਜੂਨ 2022 ਜੇਠ-ਹਾੜ 554 ਨਾਨਕਸ਼ਾਹੀ June 2022 ਅੰਕ 6



ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਅਸਥਾਨ ਗੁਰਦੁਆਰਾ ਡੇਰਾ ਸਾਹਿਬ, ਲਾਹੌਰ, ਪਾਕਿਸਤਾਨ

ਸ਼ਹੀਦਾਂ ਦੇ ਸਿਰਤਾਜ, ਸ਼ਾਂਤੀ ਦੇ ਪੁੰਜ ਧੰਨ ਧੰਨ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਨੂੰ ਸਮਰਪਿਤ ਸਲਾਨਾ ਕੇਂਦਰੀ ਅਖੰਡ ਕੀਰਤਨ ਸਮਾਗਮ ਹਰ ਸਾਲ ਦੀ ਤਰ੍ਹਾਂ ਅਖੰਡ ਕੀਰਤਨੀ ਜੱਥਾ, ਹੁਸ਼ਿਆਰਪੁਰ ਵੱਲੋਂ ਮਿਤੀ 14 ਜੂਨ 2022 ਤੋਂ ਲੈ ਕੇ 17 ਜੂਨ 2022 ਤਕ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਰੇਲਵੇ ਰੋਡ, ਹੁਸ਼ਿਆਰਪੁਰ ਵਿਖੇ ਮਨਾਇਆ ਜਾ ਰਿਹਾ ਹੈ। ਕੀਰਤਨ ਰੈਣ ਸਬਾਈ 16 ਜੂਨ 2022 ਨੂੰ ਸ਼ਾਮ 7 ਵਜੇ ਤੋਂ ਲੈ ਕੇ ਸਵੇਰੇ 4 ਵਜੇ ਤਕ ਹੋਣਗੇ। ਸਮਾਗਮ ਦਾ ਵੇਰਵਾ ਪੇਜ ਨੰ. 36 ਤੇ ਦਿੱਤਾ ਹੋਇਆ ਹੈ। ਸੰਗਤਾਂ ਨੋਟ ਕਰਨ ਤੇ ਦਰਸ਼ਨ ਦਿਦਾਰੇ ਬਖਸ਼ਣ ਜੀ।

ਵਿਸਰੁ ਨਾਹੀ ਦਾਤਾਰ ਆਪਣਾ ਨਾਮੁ ਦੇਹੁ ॥

ਗੁਣ ਗਾਵਾ ਦਿਨੁ ਰਾਤਿ ਨਾਨਕ ਚਾਉ ਏਹੁ ॥













ਸਲਾਨਾ ਅਖੰਡ ਕੀਰਤਨ ਰੈਣ ਸਬਾਈ ਗੁਰਦੁਆਰਾ ਸ੍ਰੀ ਤੰਬੂ ਸਾਹਿਬ, ਸ੍ਰੀ ਮੁਕਤਸਰ ਵਿਖੇ ਅਖੰਡ ਕੀਰਤਨੀ ਜੱਥਾ ਮੁਕਤਸਰ ਵੱਲੋਂ ਮਿਤੀ 07 .05 .2022 ਰਾਤ 8 ਵਜੇ ਤੋਂ 08 .05 .2022 ਸਵੇਰੇ 5 ਵਜੇ ਤਕ ਮਨਾਈ ਗਈ। ਸੰਗਤਾਂ ਨੇ ਹੁੰਮ-ਹੁੰਮਾ ਕੇ ਕੀਰਤਨ ਦੀਆਂ ਹਾਜਰੀਆਂ ਭਰੀਆਂ ਤੇ ਹਰਜਸ ਦੇ ਲਾਹੇ ਪ੍ਰਾਪਤ ਕੀਤੇ। ਇਸ ਅਵਸਰ ਤੇ ਕੀਰਤਨੀ ਸਿੰਘਾਂ ਨੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਤੇ ਸੰਗਤਾਂ ਨੇ ਕੀਰਤਨ ਦੇ ਰੰਗ ਮਾਣ ਕੇ ਅਪਣਾ ਜੀਵਨ ਸਫਲ ਕੀਤਾ।

ੴ ਠਾਕੁਰ ਗਾਈਐ ਆਤਮ ਰੰਗਿ ੴ

AKHAND KIRTANI JATHA (REGD.)

# ਆਤਮ ਰੰਗ

AKHAND KIRTANI JATHA (REGD.)

ਅਖੰਡ ਕੀਰਤਨੀ ਜਥਾ (ਰਜਿ.) ਚੰਡੀਗੜ੍ਹ ਵੱਲੋਂ
ਨਿਰੋਲ ਗੁਰਮਤਿ ਮਾਸਕ ਪੱਤਰ

ਆਤਮ ਰੰਗ ਹਰ ਮਹੀਨੇ ਦੀ ਆਖ਼ਰੀ ਮਿਤੀ ਨੂੰ ਡਿਸਪੈਚ ਹੁੰਦਾ ਹੈ।

ਆਤਮ ਰੰਗ ਹਰ ਮਹੀਨੇ ਦੀ ਆਖ਼ਰੀ ਮਿਤੀ ਨੂੰ ਡਿਸਪੈਚ ਹੁੰਦਾ ਹੈ।

ਜਿਲਦ ੨੩ | ਜੂਨ 2022 | ਜੇਠ-ਹਾੜ 554 ਨਾਨਕਸ਼ਾਹੀ | June 2022 | ਅੰਕ 6

ਬਾਨੀ ਤੇ ਸਾਬਕਾ ਮੁੱਖ ਸੰਪਾਦਕ



ਗੁਰਪੁਰਵਾਸੀ ਭਾਈ ਸਤਨਾਮ ਸਿੰਘ ਜੀ
ਚੰਡੀਗੜ੍ਹ

**ਮੁੱਖ ਸੰਪਾਦਕ**

ਭਾਈ ਮਨਪ੍ਰੀਤ ਸਿੰਘ, ਚੰਡੀਗੜ੍ਹ

**ਦਫ਼ਤਰ**

245, ਸੈਕਟਰ 35-ਏ, ਚੰਡੀਗੜ੍ਹ (ਇੰਡੀਆ)

ਫ਼ੋਨ ਅਤੇ ਵਟਸਐਪ : 98143-00245

**E-mail :** atamrang3@gmail.com

**ਕਾਨੂੰਨੀ ਸਲਾਹਕਾਰ**

ਐਡਵੋਕੇਟ ਭਾਈ ਰਵਿੰਦਰ ਸਿੰਘ ਸੈਂਪਲਾ

**ਚੰਦਾ**

| | |
|---|---|
| ਸਾਲਾਨਾ ਮੈਂਬਰ, ਭਾਰਤ | 200/- ਰੁਪਏ |
| ਲਾਈਫ਼ ਮੈਂਬਰ, ਭਾਰਤ | 1,500/- ਰੁਪਏ |
| ਸਾਲਾਨਾ ਪ੍ਰਦੇਸ (ਏਅਰ) | 1,200/- ਰੁਪਏ |
| ਲਾਈਫ਼ ਮੈਂਬਰ ਪ੍ਰਦੇਸ | 12,000/- ਰੁਪਏ |

ਪ੍ਰਦੇਸੀ ਵੀਰ ਰਕਮ ਭੇਜਣ ਲੱਗਿਆਂ Collection Fee ਨਾਲ Add ਕਰਕੇ ਭੇਜਣ ਅਤੇ ਭਾਰਤ ਦੇ ਪਾਠਕ ਚੰਦੇ ਦੀ ਰਕਮ M.O. ਜਾਂ D.D. ਰਾਹੀਂ ਭੇਜਣ ਦੀ ਕ੍ਰਿਪਾਲਤਾ ਕਰਨ।

ਸਰਬੱਤ ਪ੍ਰੇਮੀਆਂ ਨੂੰ ਬੇਨਤੀ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸ਼ਨ, ਸਹਿਜ ਪਾਠ ਕਰ ਕੇ ਕਰੋ ਜੀ।

"This Gurmat Magazine contains Gurbani, please treat with respect."

**ਇਹ ਗੁਰਮਤਿ ਦਾ ਨਿਰੋਲ ਧਾਰਮਿਕ ਪੱਤਰ ਹੈ ਸਤਿਕਾਰ ਸਹਿਤ ਸੰਭਾਲੋ ਜੀ!**

'ਆਤਮ ਰੰਗ' ਵਿਚ ਛਪੇ ਲੇਖਾਂ ਦੇ ਵਿਚਾਰਾਂ ਨਾਲ (ਗੁਰਬਾਣੀ ਤੋਂ ਇਲਾਵਾ) ਸੰਸਥਾ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

ਭਾਈ ਮਨਪ੍ਰੀਤ ਸਿੰਘ ਮੁੱਖ ਸੰਪਾਦਕ, ਪ੍ਰਿੰਟਰ ਤੇ ਪਬਲਿਸ਼ਰ ਨੇ ਜੈ ਆਫਸੈੱਟ ਪ੍ਰਿੰਟਰਜ਼, 905 ਇੰਡਸਟ੍ਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਅਖੰਡ ਕੀਰਤਨੀ ਜਥਾ (ਰਜਿ.) ਚੰਡੀਗੜ੍ਹ, ਦਫ਼ਤਰ 245, ਸੈਕਟਰ 35-ਏ, ਚੰਡੀਗੜ੍ਹ ਤੋਂ ਪ੍ਰਕਾਸ਼ਤ ਕੀਤਾ।

# ਤਤਕਰਾ


- ਸੰਪਾਦਕੀ 5
- ਬਾਰਹ ਮਾਹ ਕਥਾ 6
  *- ਗਿਆਨੀ ਹਰਿਬੰਸ ਸਿੰਘ ਜੀ, ਪਟਿਆਲਾ*
- ਅਣਡਿੱਠੀ ਦੁਨੀਆ 7
  *- ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ*
- ਜੂਨ ਮਹੀਨੇ ਦੇ ਇਤਿਹਾਸਕ ਦਿਨ 9
  *- ਭਾਈ ਮਨਪ੍ਰੀਤ ਸਿੰਘ ਜੀ, ਮੁੱਖ ਸੰਪਾਦਕ*
- ਮੀਆਂ ਮੀਰ ਤੇ ਗੁਰੂ ਅਰਜਨ ਦੇਵ ਜੀ 10
  *- ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ*
- ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦਾ ਰਾਜ 11
  *- ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ*
- ਚਰਨ ਕਮਲ ਕੀ ਮਉਜ 14
  *- ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ*
- ਭਗਤਿ ਨਵੈ ਪਰਕਾਰਾ 16
  *- ਗੁਰਪੁਰਵਾਸੀ ਪ੍ਰਿੰਸੀਪਲ ਗੁਰਮੁਖ ਸਿੰਘ ਜੀ, ਪਟਿਆਲਾ*
- ਪੰਚਮ ਪਾਤਸ਼ਾਹ ਦੀ ਸ਼ਹੀਦੀ 19
  - ਸ. ਪ੍ਰੀਤਮ ਸਿੰਘ ਜੀ ਅਣਜਾਣ, ਜਲੰਧਰ
- ਗੁਰਮਤਿ ਨਾਮ ਹੀ ਸਤਿਨਾਮ ਹੈ 23
  *- ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ*
- ਸ਼ਹੀਦੀ ਗੁਰੂ ਅਰਜਨ ਦੇਵ ਜੀ 25
  *- ਭਾਈ ਗੁਰਦੇਵ ਸਿੰਘ ਗੌਹਰ ਜੀ*
- ਅਰਜਨ ਕਾਇਆ ਪਲਟਿ ਕੈ ਮੂਰਤਿ ਹਰਿਗੋਬਿੰਦ ਸਵਾਰੀ 27
  *- ਪ੍ਰਿੰ. ਕੁਲਦੀਪ ਸਿੰਘ ਜੀ*
- ਪੰਥ ਦਰਦੀ ਸਖਸੀਅਤ ਸ. ਤਾਰਾ ਸਿੰਘ ਜੀ ਦਾ ਅਕਾਲ ਚਲਾਣਾ 31
  *- ਮੁੱਖ ਸੰਪਾਦਕ*
- ਅਖੰਡ ਕੀਰਤਨੀ ਜੱਥੇ ਦੇ ਨੌਜੁਆਨ ਸਿੰਘ ਕਾਕਾ ਅਗੰਮਜੋਤ ਦਾ ਨਿੱਕੀ ਉਮਰੇ ਤੁਰ ਜਾਣਾ 32
  *- ਮੁੱਖ ਸੰਪਾਦਕ*

# *ਸੰਪਾਦਕੀ...*

ਸਿੱਖ ਪੰਥ ਲਈ ਸ਼੍ਰੀ ਗੁਰੂ ਅਰਜਨ ਦੇਵ ਜੀ ਦੀ ਸਭ ਤੋਂ ਵੱਡੀ ਦੇਣ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਕਲਨ ਕਰਨਾ ਭਾਵ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਸ੍ਰੀ ਗੁਰੂ ਰਾਮਦਾਸ ਜੀ ਤਕ ਪ੍ਰਾਪਤ ਗੁਰਬਾਣੀ ਨੂੰ ਪੋਥੀ ਸਹਿਬ ਵਿਚ ਰਾਗਾਂ ਅਨੁਸਾਰ ਦਰਜ ਕਰਾਉਣਾ ਅਤੇ ਇਸ ਤੋਂ ਇਲਾਵਾ ਮੱਧ ਯੁੱਗ ਦੇ ਉੱਘੇ ਭਗਤਾਂ ਦੀਆਂ ਬਾਣੀਆਂ ਨੂੰ ਪੋਥੀ ਸਾਹਿਬ ਵਿਚ ਰਾਗਾਂ ਦੇ ਅਧਾਰ ਤੇ ਉਚਿਤ ਥਾਵਾਂ ਉੱਤੇ ਦਰਜ ਕਰਾਉਣਾ ਵੀ ਹੈ।

ਆਪ ਜੀ ਦੀ ਸੰਪਾਦਨਾ ਦਾ ਆਧਾਰ ਗੁਰੂ ਨਾਨਕ ਸਾਹਿਬ ਜੀ ਦੀ ਜੋਤਿ-ਕਲਾ ਦਾ ਕ੍ਰਿਸ਼ਮਾ ਹੈ। ਆਪ ਜੀ ਨੇ ਭਾਰਤੀ ਸੰਗੀਤ ਦੇ 30 ਰਾਗਾਂ ਵਿਚ ਬਾਣੀ ਰਚੀ। ਆਪ ਜੀ ਦੀ ਬਾਣੀ ਮੁੱਖ ਤੌਰ 'ਤੇ ਚਾਰ ਵਰਗਾਂ ਵਿਚ ਵੰਡੀ ਜਾ ਸਕਦੀ ਹੈ: (1) ਵਡੇ ਆਕਾਰ ਵਾਲੀਆਂ ਰਚਨਾਵਾਂ, ਜਿਵੇਂ ਸੁਖਮਨੀ ਸਾਹਿਬ, ਬਾਵਨ ਅੱਖਰੀ, (2) ਵਾਰਾਂ, (3) ਲਘੂ ਰਚਨਾਵਾਂ, (4) ਮੁਕਤਕ ਪਦ। ਆਪ ਜੀ ਨੇ ਸਮੇਂ ਸਮੇਂ ਸੰਖੇਪ ਸ਼ਬਦਾਂ, ਪਦਿਆਂ ਅਤੇ ਸਲੋਕਾਂ ਦੀ ਰਚਨਾ ਕੀਤੀ। ਅਜਿਹੀ ਬਾਣੀ ਉਸ ਸਮੇਂ ਰਚੀ ਜਾਂਦੀ ਰਹੀ ਹੈ, ਜਦੋਂ ਕੋਈ ਸੇਵਕ ਅਧਿਆਤਮਿਕ ਸਮੱਸਿਆ ਬਾਰੇ ਕੋਈ ਪ੍ਰਸ਼ਨ ਕਰਦਾ ਤੇ ਗੁਰੂ ਜੀ ਉਸ ਨੂੰ ਗੁਰਮਤਿ ਅਨੁਸਾਰ ਉੱਤਰ ਦਿੰਦੇ ਹੋਏ ਫ਼ੁਰਮਾਉਂਦੇ ਸਨ ਜਾਂ ਇਹਨਾਂ ਵਿਚ ਕਿਸੇ ਅਲੌਕਿਕ ਘਟਨਾ ਜਾਂ ਦ੍ਰਿਸ਼ਾਂ ਅਤੇ ਵਾਹਿਗੁਰੂ ਜੀ ਵੱਲੋਂ ਹੋਈ ਕਿਰਪਾ ਦੇ ਧੰਨਵਾਦ ਵਜੋਂ ਸ਼ਬਦਾਂ ਦੀ ਰਚਨਾ ਹੁੰਦੀ ਰਹੀ ਹੈ। ਇਸ ਪ੍ਰਕਾਰ ਦੇ ਸ਼ਬਦਾਂ ਵਿਚ ਚਾਰ ਪਦਿਆਂ ਵਾਲੇ ਸ਼ਬਦ ਵੇਖਣ ਵਿਚ ਆਉਂਦੇ ਹਨ। ਇਹਨਾਂ ਦੀ ਕੁਲ ਗਿਣਤੀ 1349 ਹੈ, ਜਿਨ੍ਹਾਂ ਰਾਹੀਂ ਗੁਰੂ ਅਰਜਨ ਦੇਵ ਜੀ ਦੀਆਂ ਬਹੁ-ਪੱਖੀ ਭਾਵਨਾਵਾਂ ਪ੍ਰਗਟ ਹੋਈਆਂ ਹਨ। ਇਹਨਾਂ ਦਾ ਵਿਸ਼ਾ-ਵਸਤੂ ਇਸ ਪ੍ਰਕਾਰ ਮਿਲਦਾ ਹੈ: ਅਕਾਲ ਪੁਰਖ ਦਾ ਸਰੂਪ, ਸਮਰੱਥਾ, ਨਾਮ-ਸਾਧਨਾ, ਮਾਇਆ ਦਾ ਪ੍ਰਭਾਵ, ਵਾਹਿਗੁਰੂ ਜੀ ਦੇ ਭਾਣੇ ਵਿਚ ਕਿਵੇਂ ਰਾਜ਼ੀ ਰਹਿਣਾ, ਸ੍ਰਿਸ਼ਟੀ ਰਚਨਾ, ਕਰਮਾਂ ਦਾ ਫਲ। ਇਹਨਾਂ ਪਦਿਆਂ ਦੀ ਵਿਸ਼ੇਸ਼ਤਾ ਇਹ ਹੈ ਕਿ ਗੁਰੂ ਜੀ ਨੇ ਇਹਨਾਂ ਦੀ ਬੋਲੀ ਵਿਚ ਬ੍ਰਿਜ ਭਾਸ਼ਾ ਅਤੇ ਪੰਜਾਬੀ ਭਾਸ਼ਾ ਦਾ ਸੁੰਦਰ ਸੁਮੇਲ ਬਣਾਈ ਰੱਖਿਆ ਹੈ ਅਤੇ ਇਹਨਾਂ ਨੂੰ ਸੰਗੀਤ ਦੇ ਸੁਰ, ਤਾਲ ਨੂੰ ਮੁੱਖ ਰੱਖ ਕੇ ਉਚਾਰਣ ਕੀਤਾ ਹੈ।

ਸਤਿਗੁਰਾਂ ਦੁਆਰਾ ਰਚੀ ਗਈ ਬਾਣੀ ਪਿੱਛੇ ਅਕਲ ਕਲਾ ਦਿਸਦੀ ਹੈ, ਜਿਸ ਨੂੰ ਤਰਕਸ਼ੀਲ ਅਜੇ ਤਕ ਸਮਝ ਨਹੀਂ ਸਕੇ, ਕਿਉਂਕਿ ਇਹ ਬਾਣੀ ਧੁਰੋਂ ਹੀ (ਨਾਜ਼ਲ) ਆਉਂਦੀ ਦਰਸਾਈ ਗਈ ਹੈ। ਸਤਿਗੁਰਾਂ ਨੇ ਬਾਣੀ ਦੀ ਰਚਨਾ ਅਤੇ ਸੰਪਾਦਨਾ ਤੋਂ ਬਿਨਾਂ ਪੋਥੀ ਸਾਹਿਬ ਦਾ ਪਹਿਲਾ ਪ੍ਰਕਾਸ਼ ਸ੍ਰੀ ਹਰਿਮੰਦਰ ਸਾਹਿਬ ਜੀ ਵਿਖੇ 1 ਸਤੰਬਰ, 1604 ਵਿਚ ਬਾਬਾ ਬੁੱਢਾ ਜੀ ਦੇ ਪਾਸੋਂ ਕਰਵਾਇਆ ਅਤੇ ਅੱਜ ਸਾਰਾ ਸਿੱਖ ਜਗਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਥਮ ਪ੍ਰਕਾਸ਼ ਪੁਰਬ ਦਾ ਦਿਹਾੜਾ ਇਸੇ ਮਿਤੀ ਨੂੰ ਮਨਾਉਂਦਾ ਹੈ। ਸਿੱਖਾਂ ਪਾਸ ਵੇਦ ਸ਼ਾਸਤਰਾਂ ਦੀ ਥਾਂ (ਗੁਰੂ) ਗ੍ਰੰਥ ਸਾਹਿਬ ਜੀ ਸੀ, ਜਿਸ ਦਾ ਰੋਜ਼ਾਨਾ ਹਰਿਮੰਦਰ ਸਾਹਿਬ ਵਿਚ ਉਦੋਂ ਤੋਂ ਹੀ ਪ੍ਰਕਾਸ਼ ਹੋਣਾ ਆਰੰਭ ਹੋ ਗਿਆ ਸੀ। ਇਸਲਾਮ ਪਾਸ ਕੁਰਾਨ ਸ਼ਰੀਫ਼ ਧਰਮ ਪੁਸਤਕ ਹੈ, ਜਿਸ ਨੂੰ ਉਹ ਪੈਗ਼ੰਬਰ ਮੁਹੰਮਦ ਸਾਹਿਬ ਦੇ ਪੈਗ਼ਾਮ ਦੱਸਦੇ ਹਨ ਪਰ ਕੁਰਾਨ, ਮੁਹੰਮਦ ਸਾਹਿਬ ਨੇ ਨਾ ਤਾਂ ਆਪ ਲਿਖੀ ਜਾਂ ਲਿਖਵਾਈ, ਨਾ ਹੀ ਇਸ ਦੀ ਸੰਪਾਦਨਾ ਕੀਤੀ। ਵੇਦਾਂ ਦੇ ਰਚੈਤਾ ਬ੍ਰਹਮਾ ਨੂੰ ਦੱਸਿਆ ਜਾਂਦਾ ਹੈ, ਪਰ ਬ੍ਰਹਮਾ ਤਾਂ ਦੇਵਤਾ ਸੀ। ਇਹਨਾਂ ਚਾਰੇ ਵੇਦਾਂ ਦੀ ਰਚਨਾ ਰੌਲੇ ਗੋਲੇ ਵਿਚ ਰਹੀ ਹੈ। ਅੱਜ ਸਿੱਖਾਂ ਪਾਸ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਐਸ ਸਮੇ ਪ੍ਰਮਾਣਿਕ ਗ੍ਰੰਥ ਭੀ ਹਨ ਅਤੇ ਗੁਰੂ ਭੀ, ਜਦੋਂ ਕਿ ਬਾਕੀ ਕਿਸੇ ਧਾਰਮਿਕ ਪੁਸਤਕ ਨੂੰ ਗੁਰੂ ਦਾ ਦਰਜਾ ਹਾਸਲ ਨਹੀਂ ਹੋਇਆ।

ਹਿੰਦੂਆਂ ਦੇ 68 ਤੀਰਥਾਂ ਦੇ ਮੁਕਾਬਲੇ 'ਤੇ ਸ੍ਰੀ ਦਰਬਾਰ ਸਾਹਿਬ ਸਿੱਖਾਂ ਲਈ 68 ਤੀਰਥਾਂ ਨਾਲੋਂ ਉਪਰ ਵੱਡਾ ਕੇਂਦਰੀ ਅਸਥਾਨ ਹੈ। ਹਿੰਦੂਆਂ ਦੇ ਅਵਤਾਰ ਸਮੇਂ ਸਮੇਂ ਪ੍ਰਗਟ ਹੁੰਦੇ ਰਹੇ, ਅਤੇ ਸਮਾਂ ਪੂਰਾ ਹੋਣ 'ਤੇ ਚਲੇ ਗਏ। ਗੁਰੂ ਨਾਨਕ ਦੇਵ ਜੀ ਅਕਾਲ ਪੁਰਖ ਵਿਚ ਅਭੇਦ ਹੋ ਕੇ ਕਲਜੁਗ ਵਿਚ ਪ੍ਰਗਟ ਹੋਏ। ਦਸ ਜਾਮਿਆਂ ਵਿਚ ਅਕਾਲ ਪੁਰਖ ਦੇ ਸਤਿਨਾਮ ਦਾ ਡੰਕਾ ਵਜਾਇਆ। ਗੁਰੂ ਨਾਨਕ ਦੇਵ ਜੀ ਪ੍ਰਗਟ ਹੋ ਕੇ ਗਏ ਨਹੀਂ, ਜਿਵੇਂ ਕਿ ਅਵਤਾਰ ਅਤੇ ਪੈਗ਼ੰਬਰ ਵਾਪਸ ਮੁੜ ਗਏ ਹਨ, ਬਲਕਿ ਉਹ ਅੱਜ ਭੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰੂਪ ਵਿੱਚ

ਸਾਡੇ ਵਿੱਚ ਵਿਰਾਜਮਾਨ ਹਨ ਅਤੇ ਗੁਰੂ ਜੀ ਦੀ ਇਹ ਸਭ ਤੋਂ ਵੱਡੀ ਦੇਣ ਹੈ, ਜਿਨ੍ਹਾਂ ਨੇ ਸਮੁੱਚੀ ਗੁਰਬਾਣੀ ਨੂੰ ਇਕੱਤਰ ਕਰ ਕੇ ਮਨੁੱਖਤਾ ਨੂੰ ਸਹੀ ਸੇਧ ਪ੍ਰਦਾਨ ਕੀਤੀ। ਇਹ ਤਾਂ ਹੁਣ ਮਨੁੱਖਤਾ ਉਪਰ ਨਿਰਭਰ ਹੈ ਕਿ ਉਹ ਸਤਿਗੁਰਾਂ ਦੀ ਬਾਣੀ ਤੋਂ ਕਿਵੇਂ ਦਾ ਲਾਭ ਉਠਾਉਂਦੀ ਹੈ। ਭਾਰਤ ਦੇ ਆਮ ਲੋਕਾਂ ਦਾ ਇਹ ਵਿਚਾਰ ਬਣਿਆ ਹੋਇਆ ਹੈ ਕਿ ਇਹ ਕੇਵਲ ਸਿੱਖਾਂ ਦਾ ਗ੍ਰੰਥ ਹੈ, ਇਸ ਲਈ ਇਸ ਦੇ ਪੜ੍ਹਨ ਪੜ੍ਹਾਉਣ ਦਾ ਦੂਜੇ ਧਰਮ ਦੇ ਲੋਕਾਂ ਨੂੰ ਕੀ ਲਾਭ? ਇਹ ਇਕ ਭੁਲੇਖਾ ਹੈ, ਜਿਸਦਾ ਵੱਡਾ ਕਾਰਨ ਫ਼ਿਰਕੂ ਈਰਖਾ ਭਾਵਨਾ ਹੈ। ਇਸ ਗ੍ਰੰਥ ਵਿਚ ਜੋ ਬ੍ਰਹਮ ਬੀਚਾਰ ਹੋਈ ਹੈ, ਉਹ ਦੁਨੀਆ ਦੇ ਕਿਸੇ ਗ੍ਰੰਥ ਵਿਚ ਨਹੀਂ ਮਿਲਦੀ। ਬਦ-ਕਿਸਮਤੀ ਇਹ ਹੈ ਕਿ ਰਾਧਾ ਸੁਆਮੀਆਂ, ਨਿਰੰਕਾਰੀਆਂ ਅਤੇ ਨਾਮਧਾਰੀਆਂ ਨੇ ਆਪਣੇ ਪ੍ਰਚਾਰ ਦੇ ਆਧਾਰ ਲਈ ਤਾਂ ਭਗਤਾਂ ਅਤੇ ਗੁਰੂਆਂ ਦੀ ਬਾਣੀ ਨੂੰ ਵਰਤਿਆ, ਪਰ ਸੰਸਾਰ ਸਾਗਰ ਤੋਂ ਪਾਰ ਕਰਨ ਦੀ ਜ਼ਿੰਮੇਵਾਰੀ ਆਪਣੇ ਸਿਰ ਲਈ ਬੈਠੇ ਹਨ ਜਿਸ ਦੇ ਲਈ ਉਹ ਕਿਸੇ ਤਰ੍ਹਾਂ ਭੀ ਸਮਰੱਥ ਨਹੀਂ ਹਨ। ਗੁਰਬਾਣੀ ਨੇ ਸੰਵਾਦ ਰਾਹੀਂ ਬ੍ਰਾਹਮਣ ਨੂੰ ਭੀ ਬਥੇਰਾ ਸਮਝਾਣ ਦਾ ਜਤਨ ਕੀਤਾ। ਪਰ ਉਸ ਦੀ ਮਜਬੂਰੀ ਇਹ ਰਹੀ ਹੈ ਕਿ ਉਸ ਦੀ ਰੋਜ਼ੀ-ਰੋਟੀ ਦਾ ਸਾਧਨ ਹੀ ਦੇਵੀ-ਦੇਵਤਿਆਂ ਦੇ ਪੂਜਾ-ਪਾਠ ਨਾਲ ਜੁੜਿਆ ਚਲਿਆ ਆ ਰਿਹਾ ਹੈ। ਕਹਾਵਤ ਹੈ - 'ਆਪ ਤਾਂ ਡੁੱਬਿਆ ਬਾਮਣਾ, ਜਜਮਾਨ ਵੀ ਗਾਲੇ' - ਇਹ ਅਖਾਣ ਉਪਰੋਕਤ ਸਭ 'ਤੇ ਲਾਗੂ ਹੁੰਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਭ ਤੋਂ ਵੱਡਾ ਕਲਯਾਣਕਾਰੀ ਕਾਰਜ ਬਤੌਰ ਮਨੁੱਖਤਾ ਦੇ ਗੁਰੂ ਹੋਣ ਅਤੇ ਜਨਮ-ਮਰਣ ਦੇ ਨਿੱਤ ਦੇ ਗੇੜ ਨੂੰ ਸਮਾਪਤ ਕਰਕੇ ਪ੍ਰਭੂ ਨਾਲ ਮਨੁੱਖ ਦਾ ਮਿਲਾਪ ਕਰਾਉਣਾ ਹੈ।

# ਬਾਰਹ ਮਾਹ ਕਥਾ

*[ਗਿਆਨੀ ਹਰਿਬੰਸ ਸਿੰਘ ਜੀ, ਪਟਿਆਲਾ]*

***ਆਸਾੜੁ ਤਪੰਦਾ ਤਿਸੁ ਲਗੈ ਹਰਿ ਨਾਹੁ ਨ ਜਿੰਨਾ ਪਾਸਿ॥ ਜਗਜੀਵਨ ਪੁਰਖੁ ਤਿਆਗਿ ਕੈ ਮਾਣਸ ਸੰਦੀ ਆਸ॥ ਦੁਯੈ ਭਾਇ ਵਿਗੁਚੀਐ ਗਲਿ ਪਈਸੁ ਜਮ ਕੀ ਫਾਸ॥ ਜੇਹਾ ਬੀਜੈ ਸੋ ਲੁਣੈ ਮਥੈ ਜੋ ਲਿਖਿਆਸੁ॥ ਰੈਣਿ ਵਿਹਾਣੀ ਪਛੁਤਾਣੀ ਉਠਿ ਚਲੀ ਗਈ ਨਿਰਾਸ॥ ਜਿਨ ਕੌ ਸਾਧੂ ਭੇਟੀਐ ਸੋ ਦਰਗਹ ਹੋਇ ਖਲਾਸੁ॥ ਕਰਿ ਕਿਰਪਾ ਪ੍ਰਭ ਆਪਣੀ ਤੇਰੇ ਦਰਸਨ ਹੋਇ ਪਿਆਸ॥ ਪ੍ਰਭ ਤੁਧੁ ਬਿਨੁ ਦੂਜਾ ਕੋ ਨਹੀ ਨਾਨਕ ਕੀ ਅਰਦਾਸਿ॥ ਆਸਾੜੁ ਸੁਹੰਦਾ ਤਿਸੁ ਲਗੈ ਜਿਸੁ ਮਨਿ ਹਰਿ ਚਰਣ ਨਿਵਾਸ॥ ਅੰਗ - 134***

**ਅਰਥ**

ਹਾੜ ਦਾ ਮਹੀਨਾ ਉਸ, ਭਾਵ (ਉਨ੍ਹਾਂ ਜੀਵ-ਇਸਤਰੀਆਂ) ਨੂੰ ਤਪਦਾ ਹੋਇਆ ਲਗਦਾ ਹੈ ਜਿਨ੍ਹਾਂ ਕੋਲ ਪ੍ਰਭੂ-ਪਤੀ ਨਹੀਂ (ਟਿਕਿਆ ਹੁੰਦਾ ਅਤੇ ਉਹ) ਜਗਜੀਵਨ (ਪ੍ਰਭੂ) ਪੁਰਖ ਨੂੰ ਛੱਡ ਕੇ ਮਨੁੱਖ ਦੀ ਆਸ (ਰਖਦੀਆਂ ਹਨ)। (ਹੇ ਭਾਈ! ਪ੍ਰਭੂ ਤੋਂ ਬਿਨਾਂ) ਦੂਜੇ ਪਿਆਰ ਵਿਚ (ਲਗ ਕੇ ਹਮੇਸ਼ਾ) ਖ਼ੁਆਰ ਹੋਈਦਾ ਹੈ ਤੇ ਮਰਨ ਉਪਰੰਤ ਗਲ ਵਿਚ ਜਮਾਂ ਦੀ ਫਾਹੀ ਪੈਂਦੀ ਹੈ। (ਇਹ ਇਕ ਅਟੱਲ ਸਚਾਈ ਹੈ ਕਿ) ਜਿਹੋ ਜਿਹਾ (ਕੋਈ) ਬੀਜ ਬੀਜਦਾ ਹੈ, ਉਹੀ ਕੱਟਦਾ ਹੈ, ਉਸ ਤਰ੍ਹਾਂ ਦਾ ਹੀ ਫਲ ਪ੍ਰਾਪਤ ਕਰਦਾ ਹੈ (ਸੋ ਕਰਮਾਂ ਅਨੁਸਾਰ ਦੁਖ-ਸੁਖ ਦਾ ਫਲ ਭੋਗਣਾ ਹੀ ਪੈਂਦਾ ਹੈ) ਜਿਹੜਾ ਕਿ (ਧੁਰੋਂ ਹੀ ਉਸਦੇ ਮੱਥੇ 'ਤੇ ਲਿਖਿਆ ਹੁੰਦਾ ਹੈ)। (ਜਦੋਂ ਨਾਮ ਸਿਮਰਨ ਤੋਂ ਬਿਨਾਂ ਜੀਵ ਰੂਪ ਇਸਤਰੀ ਦੀ ਉਮਰ ਰੂਪੀ) ਰਾਤ ਲੰਘ ਗਈ ਤਾਂ (ਪਿੱਛੋਂ) ਪਛਤਾਈ, (ਫਿਰ ਕੀ ਬਣਨਾ ਸੀ) (ਉਹ) ਨਿਰਾਸ਼ (ਹੋਈ ਦੁਨੀਆ ਤੋਂ) ਉਠ ਕੇ (ਪਰਲੋਕ) ਚਲੀ ਗਈ (ਭਾਵ ਮਰ ਗਈ)। (ਹਾਂ) ਜਿਨ੍ਹਾਂ (ਮਨੁੱਖਾਂ) ਨੂੰ ਸਾਧੂ (ਸਾਈਂ ਨਾਲ ਜੋੜਨ ਵਾਲਾ ਗੁਰੂ) ਮਿਲ ਜਾਂਦਾ ਹੈ, ਉਹ ਰੱਬੀ ਦਰਗਾਹ ਵਿਚ (ਲੇਖੇ ਤੋਂ) ਮੁਕਤ ਹੋ ਜਾਂਦੇ ਹਨ। ਹੇ ਪ੍ਰਭੂ! ਤੇਰੇ ਤੋਂ ਬਿਨਾਂ ਦੂਜਾ ਕੋਈ (ਮੇਰੀ ਅਰਜ਼ੋਈ ਸੁਣਨ ਵਾਲਾ) ਨਹੀਂ, (ਇਸ ਲਈ) ਨਾਨਕ ਦੀ (ਤੇਰੇ ਅੱਗੇ ਹੀ) ਅਰਦਾਸ ਹੈ। ਹੇ ਪ੍ਰਭੂ! (ਤੂੰ) ਆਪਣੀ ਕਿਰਪਾ ਕਰ ਕਿ (ਮੈਨੂੰ ਕੇਵਲ) ਤੇਰੇ ਦਰਸ਼ਨ ਦੀ (ਹੀ) ਪਿਆਸ ਹੋਵੇ। (ਤੱਤ ਇਹ ਹੈ ਕਿ) ਉਸ (ਜੀਵ-ਇਸਤਰੀ) ਨੂੰ (ਹੀ) ਹਾੜ (ਦਾ ਮਹੀਨਾ) ਸੁਹਾਵਣਾ ਸ਼ੋਭਨੀਕ ਲਗਦਾ ਹੈ ਜਿਸ ਦੇ ਮਨ ਵਿਚ ਹਰੀ ਚਰਨਾਂ (ਭਾਵ ਹਰੀ ਨਾਮ) ਦਾ ਵਾਸਾ ਹੁੰਦਾ ਹੈ।



# ਅਣਡਿੱਠੀ ਦੁਨੀਆ



*[ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ]*

ਇਹ ਸਚੜਾ ਸ਼ਬਦ-ਸੁਰਤੀਆਂ ਦਾ ਗੁਰਮਤਿ ਮਾਰਗ ਹੀ ਮਨੂਆ ਮਾਰਨ ਦਾ ਸਚੜਾ ਸਬੀਲਾ ਹੈ, ਇਉਂ ਮਨੂਆ ਮਾਰ ਕੇ ਹੀ ਨਿਰਮਲ ਪਦ ਚੀਨਿਆ ਜਾਂਦਾ ਹੈ, ਨਿਰਮਲ ਪਦ ਚੀਨ ਕੇ ਅਧਕ ਤੋਂ ਅਧਕ ਹਰ-ਰਸ-ਰੰਗ ਮਾਣੀਦਾ ਹੈ। ਇਸ ਬਿਧ ਹਰਿ-ਰਸ-ਰਤੇ ਅਧਕ ਰੰਗਾਂ ਵਾਲੇ ਗੁਰਮੁਖ ਅਭਿਆਸੀ ਜਨ, ਏਕਸ ਦੇ ਅਨਿੰਨ ਪੁਜਾਰੀ ਹੀ ਬਣੇ ਰਹਿੰਦੇ ਹਨ। ਗੁਰ ਪ੍ਰਸਾਦ ਕਰਿ ਐਸੀ ਸੂਝ ਬੂਝ ਉਹਨਾਂ ਨੂੰ ਹੋਇ ਆਵੰਦੀ ਹੈ। ਕੇਵਲ ਗੁਰਮਤਿ ਦਰਸਾਈ ਉਪਰ ਲਿਖਤ ਵਿਉਂਤ-ਵਿਧੀ ਅਨੁਸਾਰ ਹੀ ਏਕੇ ਅਗਮ ਅਗੋਚਰ ਅਨਾਥ ਅਜੋਨੀ ਸੈਭੰ ਪ੍ਰਭੂ ਦਾ ਪਾਰਦਰਸੀ-ਗਿਆਨ-ਸਾਰ ਪ੍ਰਾਪਤ ਹੁੰਦਾ ਹੈ, ਇਸ ਤਤ ਗਿਆਨ ਰਸ ਜੋਤ ਨਾਲ ਭਰ-ਭਰੀਵੇ ਗੁਰਮੁਖ ਹੰਸਲਿਆਂ ਦਾ ਚਿੱਤ ਸਦਾ ਅਡੋਲ ਰਹਿੰਦਾ ਹੈ, 'ਮਨ ਹੀ ਤੇ ਮਨ ਮਾਨੀ' ਇਸ ਅਡੋਲ ਤਤ ਗਿਆਨ ਜੈਸੀ ਆਤਮ ਅਵਸਥਾ ਵਿਖੇ ਅਰੂੜ ਹੋ ਕੇ ਅਕੱਥ ਵਾਹਿਗੁਰੂ ਦੀ ਅਗੋਚਰ ਕਥਾ ਨੂੰ ਕਥ ਸਕੀਦਾ ਹੈ ਅਤੇ ਕਥ ਲਈਦਾ ਹੈ। ਯਥਾ ਗੁਰਵਾਕ -

*ਗਹਿਰ ਗੰਭੀਰ ਸਾਗਰ ਰਤਨਾਗਰ ਅਵਰ ਨਹੀ ਅਨ ਪੂਜਾ॥*
*ਸਬਦੁ ਬੀਚਾਰਿ ਭਰਮ ਭਉ ਭੰਜਨੁ ਅਵਰੁ ਨ ਜਾਨਿਆ ਦੂਜਾ॥੫॥*
*ਮਨੂਆ ਮਾਰਿ ਨਿਰਮਲ ਪਦੁ ਚੀਨਿਆ ਹਰਿ ਰਸ ਰਤੇ ਅਧਿਕਾਈ॥*
*ਏਕਸ ਬਿਨੁ ਮੈ ਅਵਰੁ ਨ ਜਾਨਾਂ ਸਤਿਗੁਰਿ ਬੂਝ ਬੁਝਾਈ॥੬॥*
*ਅਗਮ ਅਗੋਚਰੁ ਅਨਾਥੁ ਅਜੋਨੀ ਗੁਰਮਤਿ ਏਕੋ ਜਾਨਿਆ॥*
*ਸੁਭਰ ਭਰੇ ਨਾਹੀ ਚਿਤੁ ਡੋਲੈ ਮਨ ਹੀ ਤੇ ਮਨੁ ਮਾਨਿਆ॥੭॥*
*ਗੁਰ ਪਰਸਾਦੀ ਅਕਥਉ ਕਥੀਐ ਕਹਉ ਕਹਾਵੈ ਸੋਈ॥*
*ਨਾਨਕ ਦੀਨ ਦਇਆਲ ਹਮਾਰੇ ਅਵਰੁ ਨ ਜਾਨਿਆ ਕੋਈ॥੮॥* *ਅੰਗ - ੧੨੩੩*

## ਅਕਾਲ ਪੁਰਖ ਦਾ ਦਰਸ਼ਨ

ਗੁਰ ਪੂਰੇ ਦੀ ਐਸੀ ਵਡਿਆਈ ਹੈ ਕਿ ਗੁਰਮਤਿ ਨਾਮ ਅਭਿਆਸ ਕਰਿ, ਉਰਧਾਰਿ ਬੀਚਾਰਿਆ ਜਾਪ ਜਪ ਕੇ ਅਦ੍ਰਿਸ਼ਟ ਅਗੋਚਰ ਅਪਰੰਪਰ ਸੁਆਮੀ ਰਮ-ਰਮ ਮਨ-ਮੋਹਨ ਅੰਤਰਜਾਮੀ ਗੁਪਤੋਂ ਪਰਗਟ ਦਿਸ ਪੈਂਦਾ ਅਤੇ ਦਰਸ-ਝਲਕਾਰ ਦੇਣ ਲਗ ਜਾਂਦਾ ਹੈ। ਯਥਾ ਗੁਰਵਾਕ -

*ਉਰਧਾਰਿ ਬੀਚਾਰਿ ਮੁਰਾਰਿ ਰਮੋ ਰਮੁ*
*ਮਨਮੋਹਨ ਨਾਮੁ ਜਪੀਨੇ॥*
*ਅਦਿ੍ਸਟੁ ਅਗੋਚਰੁ ਅਪਰੰਪਰ ਸੁਆਮੀ*
*ਗੁਰਿ ਪੂਰੈ ਪ੍ਰਗਟ ਕਰਿ ਦੀਨੇ॥੧॥* *ਅੰਗ - ੬੯੮*

ਦੁਨੀਆ ਦ੍ਰਿਸ਼ਟਮਾਨ ਮਾਇਆ ਦੇ ਪਸਾਰੇ ਨੂੰ ਸਤ ਕਰਕੇ ਮੰਨਦੀ ਹੈ ਅਤੇ ਅਦਿਸ਼ਟ ਨੂੰ ਮੰਨਦੀ ਹੀ ਨਹੀਂ। ਗੁਰਮਤਿ ਅਨੁਸਾਰ ਆਦਿ ਜੁਗਾਦੀ ਹੈਭੀ ਹੋਸੀ, ਅਗਮ ਅਗੋਚਰ ਅਪਰ ਅਪਾਰ ਪਾਰਬ੍ਰਹਮ ਬਿਨਾਂ, ਹੋਰ ਸਭ ਕੁਝ ਝੂਠਾ ਹੈ, ਯਥਾ ਗੁਰਵਾਕ -

*ਮੇਰਾ ਮਨੋ ਮੇਰਾ ਮਨੁ ਰਾਤਾ ਰਾਮ ਪਿਆਰੇ ਰਾਮ॥*
*ਸਚੁ ਸਾਹਿਬੋ ਆਦਿ ਪੁਰਖੁ ਅਪਰੰਪਰੋ ਧਾਰੇ ਰਾਮ॥*
*ਅਗਮ ਅਗੋਚਰੁ ਅਪਰ ਅਪਾਰਾ ਪਾਰਬ੍ਰਹਮੁ ਪਰਧਾਨੋ॥*
*ਆਦਿ ਜੁਗਾਦੀ ਹੈਭੀ ਹੋਸੀ ਅਵਰੁ ਝੂਠਾ ਸਭੁ ਮਾਨੋ ॥੧॥*
*ਅੰਗ - ੪੩੭*

ਇਸ ਅਗਮ ਅਗੋਚਰ ਅਲਖ ਅਪਾਰ ਦੀ ਸਤਤਾ ਹੀ ਗੁਰਮਤਿ ਅਨੁਸਾਰ ਪ੍ਰਧਾਨ ਹੈ। ਇਸ ਨੂੰ ਜਾਗਦੀ ਜੋਤਿ ਪੇਖ ਕੇ ਹੀ, ਅੰਤਰਜਾਮੀ ਨੂੰ ਬਿਸੇਖ ਕੇ ਹੀ, ਗੁਰੂ ਸਾਹਿਬਾਂ ਨੇ ਸਨਮੁਖ ਬੇਨਤੀ ਉਚਾਰਨ ਕੀਤੀ ਹੈ ਅਤੇ ਗੁਰਮੁਖ ਜਨਾਂ ਨੂੰ ਕਰਨੀ ਸਿਖਾਈ ਹੈ ਅਤੇ ਇਸ ਬਿਧਿ ਸਤਤਾ ਲਖਾਈ ਹੈ -

*ਅਗਮ ਅਗੋਚਰ ਅਲਖ ਅਪਾਰਾ ਚਿੰਤਾ ਕਰਹੁ ਹਮਾਰੀ॥*
*ਜਲਿ ਥਲਿ ਮਹੀਅਲਿ ਭਰਿਪੁਰਿ ਲੀਣਾ ਘਟਿ ਘਟਿ*

*ਜੋਤਿ ਤੁਮਾਰੀ॥ ਅੰਗ - ੭੯੫*

ਇਹ ਗੱਲ ਬਿਲਕੁਲ ਸਹੀ ਹੈ ਕਿ ਇਸ ਅਗਮ ਅਗੋਚਰ ਪਾਰਬ੍ਰਹਮ ਪਰਮੇਸ਼ਰ ਨੂੰ ਜਣਾ ਕਣਾ ਕੋਈ ਸਿਆਣੇ ਤੋਂ ਵੱਡਾ ਸਿਆਣਾ ਭੀ ਨਹੀਂ ਅੱਪੜ ਸਕਦਾ। ਮਿਹਰਵਾਨ ਬੇਪਰਵਾਹ ਸੁਆਮੀ ਅੰਤਰਜਾਮੀ ਨੂੰ ਗੁਰ-ਪ੍ਰਸਾਦੀ ਹੀ ਮਿਲ ਸਕੀਦਾ ਹੈ, ਗੁਰ-ਸ਼ਬਦ ਕਮਾਈ ਕਰਕੇ। ਗੁਰ-ਸ਼ਬਦ ਦੀ ਸੇਵਾ ਕਮਾਈ ਓਸੇ ਗੁਰਮੁਖ ਜਨ ਤੋਂ ਹੁੰਦੀ ਹੈ ਜਿਸ ਉਪਰ ਉਸ ਮਿਹਰਵਾਨ ਦੀ ਮੇਹਰ ਆ ਹੁੰਦੀ ਹੈ।

ਐਸੈ ਨਦਰਿ-ਨਸ਼ਟੇ ਜਨ ਗੁਰਮਤਿ ਕਮਾਈ ਦੁਆਰਾ ਸਚੇ ਅਕਾਲ ਪੁਰਖ ਦੇ ਸਰੂਪ ਵਿਚ ਹੀ ਸਮਾਉਂਦੇ ਅਤੇ ਸਮਾਏ ਰਹਿੰਦੇ ਹਨ। ਇਸ ਬਹਿਜ ਸਮਾਵਣੀ ਅਹਿਮ ਅਵਸਥਾ ਨੂੰ ਮਾਣਦੇ ਹੋਏ ਦਿਨ ਰਾਤੀ ਸਚੇ ਦੇ ਗੁਣ ਗਾਉਂਦੇ ਰਹਿੰਦੇ ਹਨ। ਹਰਿ ਗੁਣ ਗਾਵੰਦੀ ਓਹਨਾਂ ਦੀ ਰਸਨਾ ਕਦੇ ਥਕਦੀ ਹੀ ਨਹੀਂ, ਐਸਾ ਹਰਿ ਰਸ ਆਇਆ ਹੁੰਦਾ ਹੈ ਉਹਨਾਂ ਦੀ ਗੁਣ ਗਾਵਣਹਾਰੀ ਰਸਨਾ ਨੂੰ!

ਉਹਨਾਂ ਨੂੰ ਗਹਿਰ ਗੰਭੀਰ ਸਚੇ ਸਾਹਿਬ ਨੂੰ ਸਦਾ ਸਦਾ ਸਲਾਹੁਣ ਵਿਚ ਸੱਚੀ ਧੀਰਜ ਹੈ। ਜਿਸ ਅਗਮ ਅਗੋਚਰ ਦੀ ਕੀਮਤ ਨਹੀਂ ਪਾਈ ਜਾ ਸਕਦੀ, ਗੁਰਮੁਖਾਂ ਨੇ ਉਸਨੂੰ ਆਪਣੇ ਹਿਰਦੇ ਅੰਦਰ ਵਸਾ ਲਿਆ ਹੈ। ਧੰਦੇ ਧੰਦਈ ਹੋਈ ਲੋਕੀ (ਲੁਕਾਈ) ਨਿਰਾਲਮ ਨਿਰੰਕਾਰ ਨਿਰੰਜਨ ਨੂੰ ਨਹੀਂ ਪਛਾਣ ਸਕਦੀ ਗੁਰ ਪਰਸਾਦੀ ਹੀ ਕੋਈ ਨਾਮ ਕਮਾਈ ਵਾਲਾ ਗੁਰਮੁਖ ਜਨ ਬੁਝ ਸਕਦਾ ਹੈ। ਗੁਰਮਤੀ ਨਾਮ ਘਟ ਅੰਤਰਿ ਵਸਿਆਂ ਨਾਮੀ ਵਾਹਿਗੁਰੂ ਨਾਲ ਦਰਸ-ਮਿਲਾਪੀ,

ਮੇਲਾ ਹੀ ਹੋ ਜਾਂਦਾ ਹੈ, ਯਥਾ ਗੁਰਵਾਕ -

*ਅਗਮ ਅਗੋਚਰ ਵੇਪਰਵਾਰੇ॥*
*ਆਪ ਮਿਹਰਵਾਨ ਅਗਮ ਅਥਾਰੇ॥*
*ਅਪੜਿ ਕੋਇ ਨ ਸਕੈ ਤਿਸ ਨੇ ਗੁਰ ਸਬਦੀ ਮੇਲਾਇਆ॥੧॥*
*ਤੁਧੁ ਨੂੰ ਸੇਵਹਿ ਜੋ ਤੁਧੁ ਭਾਵਹਿ॥*
*ਗੁਰ ਕੈ ਸਬਦੇ ਸਚਿ ਸਮਾਵਹਿ॥*
*ਅਨਦਿਨੁ ਗੁਣ ਰਵਹਿ ਦਿਨੁ ਰਾਤੀ ਰਸਨਾ ਹਰਿ ਰਸੁ ਭਇਆ॥੨॥ ਅੰਗ - ੧੦੬੨*

*ਸਚਾ ਸਾਹਿਬੁ ਗਹਿਰ ਗੰਭੀਰਾ॥*
*ਸਦਾ ਸਲਾਹੀ ਤਾ ਮਨੁ ਧੀਰਾ॥*
*ਅਗਮ ਅਗੋਚਰੁ ਕੀਮਤ ਨਹੀ ਪਾਈ*
*ਗੁਰਮੁਖਿ ਮੰਨਿ ਵਸਾਇਦਾ॥੧੫॥*
*ਆਪਿ ਨਿਰਾਲਮੁ ਹੋਰ ਧੰਧੈ ਲੋਈ॥*
*ਗੁਰ ਪਰਸਾਦੀ ਬੂਝੈ ਕੋਈ॥*
*ਨਾਨਕ ਨਾਮੁ ਵਸੈ ਘਟ ਅੰਤਰਿ*
*ਗੁਰਮਤੀ ਮੇਲਿ ਮਿਲਾਇਦਾ॥੧੬॥ ਅੰਗ - ੧੧੬੧*

ਜਿਸ ਅਕਾਲ ਪੁਰਖ ਦੀ ਹੋਂਦ-ਹਸਤੀ ਨੂੰ ਅਨੁਮਾਨਣ ਮਾਤ ਤੋਂ ਭੀ ਆਮ ਅਲਪੱਗ ਪੁਰਸ਼ਾਂ ਦੀ ਅਕਲ ਅੰਧਲੀ ਬੋਲੀ ਨੀਮ-ਨਿਸਚੋਲੀ ਹੋ ਰਹੀ ਹੈ, ਉਹ ਪੁਰਖ ਬਿਧਾਤਾ ਆਦਿ ਜੁਗਾਦਿ ਤੋਂ ਹੀ ਦਇਆ-ਪਤਿ ਦਾਤਾ, ਗੁਰਮਤਿ ਆਸਤਕਤਾ ਦਾ ਮੁੱਖ ਕੇਂਦਰ ਪਛਾਤਾਂ ਜਾਂਦਾ ਰਹਿਆ ਹੈ। ਪਰ ਜਿਨ੍ਹਾਂ ਪਛਾਤਾ ਹੈ, ਸੱਚ ਕਰਕੇ ਜਾਤਾ ਹੈ, ਪੂਰੇ ਗੁਰ ਕੇ ਸ਼ਬਦ-ਅਭਿਆਸ ਦੁਆਰਾ ਅੰਤਰਿ ਅਬਿਨਾਸ਼ ਚਾਨਣਾ ਪਰਗਟ ਹੋਣ ਪਰ ਹੀ ਸਤ ਪਛਾਤਾ ਹੈ। ਹੇ ਸਤਿ ਅਸਤਾਸ਼, ਸਦਾ ਅਬਿਨਾਸ਼ ਕਰਤੇ! ਤੁਧਨੋ ਗੁਰ-ਸ਼ਬਦ-ਮੰਤ ਅਭਿਆਸ-ਕਮਾਈ ਦੁਆਰਾ ਸੰਵਹਾਰੇ, ਤੁਧ ਨੂੰ ਸਤ ਪਛਾਣਦੇ, ਤੁਧ ਹੀ ਜਿਹੇ ਹੋ ਗਏ ਹਨ ਅਤੇ ਤੁਧ ਹੀ ਵਿਚਿ ਸਮਾ ਗਏ ਹਨ। ਤੁਧ ਆਪ ਕਿਰਪਾ ਕਰਿ, ਤਿਨ੍ਹਾਂ ਨੂੰ ਆਪਣੇ ਵਿਚ ਸਮਾਇ ਕੇ ਮਿਲਾਇ ਲਇਆ ਹੈ।

ਹੇ ਅਗੰਮ ਅਗੋਚਰ ਸਾਹਿਬ! ਤੇਰੀ ਕੀਮਤ ਕਿਨੇ ਨਹੀਂ ਪਾਈ। ਸਭ ਜੀਆ-ਜੰਤ ਤੇਰੀ ਸਰਨਾਈ ਹੀ ਆਸਰਤ ਹੋ ਕੇ ਜੀਉਂਦੇ ਹਨ। ਜਿਉਂ ਤੈਨੂੰ ਭਾਉਂਦਾ ਹੈ ਤਿਵੇਂ ਤੂੰ ਚਲਾਉਂਦਾ ਹੈ, ਅਤੇ ਜਿਸਨੂੰ ਚਾਹੇਂ ਤੂੰ ਤਿਸਨੂੰ ਸੁਮਾਰਗ ਪਾਉਂਦਾ ਹੈਂ। ਤੂੰ ਹੈਂ ਭੀ ਸਤਿ, ਪਰਮੇਸ਼ਰ ਸੱਚਾ, ਹੋਸੀ ਸਾਚਾ, ਤੇ ਕਰਤਾਰ, ਸਭਨਾਂ ਦਾ ਸਿਰਜਨਹਾਰ ਹੈਂ। ਤੁਧ ਬਿਨ ਹਰ ਕੋਈ ਕਰਤਾ ਸਿਰਜ-ਸਵਾਰਤਾ ਆਪੇ ਰਿਜ਼ਕ ਸੰਬਾਹੁਣ ਪਹੁੰਚਾਉਣਹਾਰਾ ਹੈ। ਹੇ ਅਗਮ ਅਗੋਚਰ ਅਲਖ ਅਪਾਰ ਨਹੀਂ! ਤੂੰ ਸਭਨਾਂ ਦੀ ਸਾਰ ਸਭਾਲਣਹਾਰਾ ਸੁਖਦਾਤਾ ਹੈਂ ਅਤੇ ਸਭਨਾਂ ਨੂੰ ਨਿਰੰਜਨਾ ਨਿਰੰਕਾਰਾ! ਤੇਰਾ ਪਾਰਾਵਾਰ ਕਿਨ੍ਹੇ ਨਹੀਂ ਪਾਇਆ। ਆਪਣਾ ਆਪ ਅਸਲ ਵਜੂਦ, ਵਾਸਤਵ ਕਰਿ ਤੂੰ ਆਪ ਹੀ ਪਛਾਨਣ ਯੋਗ ਹੈ। ਪਰ ਜਿਸ ਜਿਸ ਤਾਈਂ ਆਪਣੇ ਹਸਤ-ਹੋਂਦੀਏ ਵਜੂਦ ਨੂੰ ਬੁਝਾਉਂਦਾ ਲਖਾਉਂਦਾ ਹੈਂ, ਗੁਰਮਤਿ ਦੀ ਸਚੀ ਰੌਸ਼ਨੀ ਰੁਸ਼ਨਾਉਣੇ ਹੀ ਬੁਝਾਉਂਦਾ ਲਖਾਉਂਦਾ ਹੈਂ। ਯਥਾ ਗੁਰਵਾਕ -

*ਆਦਿ ਜੁਗਾਦਿ ਦਇਆਪਤਿ ਦਾਤਾ॥*
*ਪੂਰੇ ਗੁਰ ਕੈ ਸਬਦਿ ਪਛਾਤਾ॥*
*ਤੁਧੁ ਨੋ ਸੇਵਹਿ ਸੇ ਤੁਝਹਿ ਸਮਾਵਹਿ॥*
*ਤੂੰ ਆਪੇ ਮੇਲਿ ਮਿਲਾਇਦਾ॥੧॥*
*ਅਗਮ ਅਗੋਚਰ ਕੀਮਤ ਨਹੀਂ ਪਾਈ॥*
*ਜੀਅ ਜੰਤ ਤੇਰੀ ਸਰਣਾਈ॥*
*ਜਿਉ ਤੁਧੁ ਭਾਵੈ ਤਿਵੈ ਚਲਾਵਹਿ*
*ਤੂ ਆਪੇ ਮਾਰਗਿ ਪਾਇਦਾ॥੨॥*
*ਹੈ ਭੀ ਸਾਚਾ ਹੋਸੀ ਸੋਈ॥*
*ਆਪੇ ਸਾਜੇ ਅਵਰੁ ਨ ਕੋਈ॥*
*ਸਭਨਾ ਸਾਰ ਕਰੇ ਸੁਖਦਾਤਾ*
*ਆਪੇ ਰਿਜਕੁ ਪਹੁਚਾਇਦਾ॥੩॥*
*ਅਗਮ ਅਗੋਚਰ ਅਲਖ ਅਪਾਰਾ॥*
*ਕੋਇ ਨ ਜਾਣੈ ਤੇਰਾ ਪਰਵਾਰਾ॥*

# ਜੂਨ ਮਹੀਨੇ ਦੇ ਇਤਿਹਾਸਕ ਦਿਨ

*(ਭਾਈ ਮਨਪ੍ਰੀਤ ਸਿੰਘ ਜੀ, ਮੁੱਖ ਸੰਪਾਦਕ)*

◆ ੧ ਜੂਨ ੧੯੮੪ ਈ: ਨੂੰ ਭਾਰਤੀ ਫ਼ੌਜਾਂ ਨੇ ਦਰਬਾਰ ਸਾਹਿਬ ਤੇ ਫ਼ਾਇਰਿੰਗ ਕੀਤੀ, ਜਿਸ ਨਾਲ ੧੧ ਸਿਖ ਸ਼ਹੀਦ ਹੋ ਗਏ।

◆ ੩ ਜੂਨ ੧੯੮੪ ਈ: ਨੂੰ ਭਾਰਤੀ ਫ਼ੌਜਾਂ ਨੇ ਸਿੱਖਾਂ ਦੇ ਪਵਿੱਤਰ ਸ਼ਹਿਰ ਅੰਮ੍ਰਿਤਸਰ ਨੂੰ ਘੇਰਾ ਪਾ ਲਿਆ ਅਤੇ ਅਣ-ਐਲਾਨਿਆ ਕਰਫਿਊ ਲਾਗੂ ਕਰ ਦਿੱਤਾ।

◆ ੪ ਜੂਨ ੧੯੮੪ ਈ ਨੂੰ ਭਾਰਤੀ ਫ਼ੌਜਾਂ ਨੇ ਸ੍ਰੀ ਦਰਬਾਰ ਸਾਹਿਬ 'ਤੇ ੧੨੦ ਹੋਰ ਗੁਰਦੁਆਰਿਆਂ 'ਤੇ ਹਮਲਾ ਕਰ ਦਿੱਤਾ, ਜਿਸ ਕਾਰਨ ਹਜ਼ਾਰਾਂ ਸਿਖ ਸ਼ਹੀਦ ਹੋ ਗਏ। ਅਕਾਲੀ ਲੀਡਰਸ਼ਿਪ ਨੂੰ ਜੇਲ੍ਹਾਂ ਵਿਚ ਡੱਕ ਦਿੱਤਾ ਗਿਆ।

◆ ੫ ਜੂਨ ੧੯੮੪ ਈ: ਨੂੰ ਭਾਰਤੀ ਫ਼ੌਜ ਨੇ ਸਿੱਖਾਂ ਨੂੰ ਸ਼ਹੀਦ ਕਰਨ ਲਈ ਹਮਲੇ ਜਾਰੀ ਰੱਖੇ। ਕਈ ਸਿੱਖਾਂ ਨੂੰ ਪਿੱਠ ਪਿੱਛੇ ਬਾਹਵਾਂ ਬੰਨ੍ਹ ਕੇ ਗੋਲੀਆਂ ਨਾਲ ਭੁੰਨ ਦਿੱਤਾ ਅਤੇ ਕਈ ਸਿੱਖਾਂ ਨੂੰ ਗ੍ਰਿਫਤਾਰ ਕਰਨ ਉਪਰੰਤ ਕਤਲ ਕਰ ਦਿੱਤਾ।

◆ ੬ ਜੂਨ ੧੯੮੪ ਈ: ਨੂੰ ਭਾਰਤੀ ਫ਼ੌਜਾਂ ਨੇ ਸਿੱਖਾਂ ਦੇ ਗੁਰਦੁਆਰਿਆਂ, ਲਾਇਬ੍ਰੇਰੀਆਂ, ਅਜਾਇਬ ਘਰਾਂ 'ਤੇ ਕਬਜ਼ਾ ਕਰ ਲਿਆ ਤੇ ਪਿੱਛੋਂ ਕਈਆਂ ਨੂੰ ਅੱਗ ਲਗਾ ਦਿੱਤੀ।

◆ ੬ ਜੂਨ ੧੯੮੪ ਈ: ਨੂੰ ਸ੍ਰੀ ਦਰਬਾਰ ਸਾਹਿਬ 'ਤੇ ਭਾਰਤੀ ਫ਼ੌਜਾਂ ਵਲੋਂ ਕੀਤੇ ਹਮਲੇ ਦੇ ਰੋਸ ਵਜੋਂ ਹਜ਼ਾਰਾਂ ਹੀ ਸਿੱਖਾਂ ਨੇ ਅੰਮ੍ਰਿਤਸਰ ਦੀ ਪਵਿੱਤਰ ਧਰਤੀ ਵੱਲ ਵਹੀਰਾਂ ਘੱਤ ਦਿੱਤੀਆਂ। ਇਨ੍ਹਾਂ ਵਿਚੋਂ ਭਾਰਤੀ ਫ਼ੌਜਾਂ ਨੇ ਸੈਂਕੜੇ ਹੀ ਸ਼ਹੀਦ ਕਰ ਦਿੱਤੇ। ਵੱਡੀ ਗਿਣਤੀ ਵਿਚ ਬੱਚੇ ਤੇ ਔਰਤਾਂ ਗ੍ਰਿਫ਼ਤਾਰ ਕਰ ਲਏ ਗਏ।

◆ ੭ ਜੂਨ ੧੯੮੪ ਈ: ਨੂੰ ਸਿਖ ਫ਼ੌਜੀਆਂ ਨੇ ਬਗਾਵਤ ਕਰ ਦਿੱਤੀ ਤੇ ਅੰਮ੍ਰਿਤਸਰ ਵਲ ਚਾਲੇ ਪਾ ਦਿੱਤੇ। ਰਸਤੇ ਵਿਚ ਕਈ ਸ਼ਹੀਦ ਕਰ ਦਿੱਤੇ ਗਏ ਅਤੇ ਬਹੁਤ ਸਾਰੇ ਗ੍ਰਿਫ਼ਤਾਰ ਕਰ ਲਏ ਗਏ।

◆ ੯ ਜੂਨ ੧੭੨੬ ਈ: ਨੂੰ ਬਾਬਾ ਬੰਦਾ ਸਿੰਘ ਬਹਾਦਰ ਦੇ ਸਪੁੱਤਰ ਨੂੰ ਉਸ ਦੀਆਂ ਅੱਖਾਂ ਸਾਹਮਣੇ ਸ਼ਹੀਦ ਕੀਤਾ ਅਤੇ ਉਸ ਦਾ ਦਿਲ ਕੱਢ ਕੇ ਬਾਬਾ ਬੰਦਾ ਸਿੰਘ ਬਹਾਦਰ ਦੇ ਮੂੰਹ ਵਿਚ ਪਾਇਆ ਗਿਆ। ਬਾਬਾ ਬੰਦਾ ਸਿੰਘ ਬਹਾਦਰ ਨੂੰ ਕੋਹ-ਕੋਹ ਕੇ ਸ਼ਹੀਦ ਕੀਤਾ ਗਿਆ। ਇਸੇ ਹੀ ਦਿਨ ਹੋਰ ਕਈ ਸਿੱਖਾਂ ਨੂੰ ਵੀ ਸ਼ਹੀਦ ਕੀਤਾ ਗਿਆ।

◆ ੧੦ ਜੂਨ ੧੬੫੬ ਈ: ਨੂੰ ਗੁਰੂ ਤੇਗ ਬਹਾਦਰ ਸਾਹਿਬ, ਬਾਬਾ ਬਕਾਲਾ ਤੋਂ ਉਤਰ ਪ੍ਰਦੇਸ਼, ਬਿਹਾਰ, ਆਸਾਮ ਤੇ ਬੰਗਾਲ ਦੀ ਲੰਬੀ ਯਾਤਰਾ 'ਤੇ ਗਏ।

◆ ੧੨ ਜੂਨ ੧੯੬੦ ਈ ਨੂੰ ਦਿੱਲੀ ਵਿਚ ਸਿੱਖਾਂ ਦੇ ਪੁਰਅਮਨ ਜਲੂਸ 'ਤੇ ਦਿੱਲੀ ਪੁਲਸ ਨੇ ਫ਼ਾਇਰਿੰਗ ਕੀਤੀ, ਜਿਸ ਨਾਲ ਸ: ਹਰਬੰਸ ਸਿੰਘ ਤੇ ਤਿੰਨ ਹੋਰ ਸਿੰਘ ਸ਼ਹੀਦ ਹੋ ਗਏ ਅਤੇ ਕਈ ਸਿੰਘ ਜ਼ਖ਼ਮੀ ਹੋ ਗਏ।

◆ ੧੭ ਜੂਨ ੧੯੨੩ ਈ: ਨੂੰ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਸਰੋਵਰ ਦੀ ਕਾਰ ਸੇਵਾ ਆਰੰਭ ਹੋਈ।

◆ ੨੧ ਜੂਨ ੧੬੭੭ ਈ: ਨੂੰ ਦਸਵੇਂ ਪਾਤਿਸ਼ਾਹ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਵਿਆਹ ਗੁਰੂ ਕਾ ਲਾਹੌਰ ਵਿਖੇ ਹੋਇਆ।

◆ ੨੭ ਜੂਨ ੧੮੩੯ ਈ: ਨੂੰ ਸ਼ੇਰੇ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਅਕਾਲ ਚਲਾਣਾ ਕਰ ਗਏ।

# ਮੀਆਂ ਮੀਰ ਤੇ ਗੁਰੂ ਅਰਜਨ ਦੇਵ ਜੀ

*(ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ)*

ਮੀਆਂ ਮੀਰ ਫਕੀਰੁ ਗੁਰ ਸਿਦਕ ਪ੍ਰੇਮੀ,
ਡਿਠਾ ਮੁਅਜਜ਼ਾ ਵਡ ਮੋਅਜਜ਼ੋਲਿਆ ਦਾ।

ਹੱਥ ਜੋੜ ਕੇ ਪੁਛਿਆ ਗੁਰਾਂ ਪਾਸੋਂ, ਸੁਖਨ ਗੁਝੜੇ ਰਾਜ਼ ਨਿਆਜ਼ੋਲਿਆਂ ਦਾ।
ਹੇ ਗੁਰ, ਪੀਰ! ਵਲੀ ਅਉਲੀਆਇ ਪੂਰੇ, ਕ੍ਰਿਸ਼ਮ ਕਸ਼ੱਫੀ ਤੂੰ ਅਜ਼ਮਤੋਲਿਆਂ ਦਾ।
ਏਡੇ ਦੁਖ ਤੁਸੀਹੜੇ ਕਾਹਿ ਝਲੋ, ਗਾਰਤ ਕਰੋ ਇਹ ਰਾਜ ਦੁਸ਼ਟੋਲਿਆਂ ਦਾ।
ਸਰਬ ਕਲਾ ਸਮਰੱਥ ਤੂੰ ਕਲਾਧਾਰੀ, ਵਡ ਪਰਤਾਪੁ ਤੇਰੇ ਕਲਾਮੋਲਿਆਂ ਦਾ।੨੨੧।

ਕਲਮੇ ਤੇਰੇ ਦੀ ਕੀ ਬਾਤ ਆਖਾਂ, ਬਲੁ ਵਿਡਾਣ ਤਉ ਸਿਖ ਬਚਨੋਲਿਆਂ ਦਾ।
ਅਧਮ ਸਿਖ ਭੀ ਤੇਰੜੇ ਬਚਨ-ਬਲੀਏ, ਮੈਂ ਭੀ ਨਦਰ ਪਾਤ੍ਰ ਜਨਾਬੋਲਿਆਂ ਦਾ।
ਕਰੋ ਹੁਕਮ ਗੁਲਾਮ ਨੂੰ ਇਕ ਵਾਰੀ, ਤਖ਼ਤਾ ਉਲਟ ਦੇਵਾਂ ਜ਼ਾਲਮੋਲਿਆਂ ਦਾ।
ਗੁਰਾਂ ਆਖਿਆ ਹੱਸ ਕੇ ਸਾਈਂ ਲੋਕਾ, ਅਸਾਂ ਪਾਲਣਾ ਹੁਕਮ ਧੁਰੋਲਿਆਂ ਦਾ।੨੨੨।

ਭਾਂਡਾ ਭੰਨਣਾ ਸੀਸ ਦਿਲੀਸੀਆਂ ਦੇ, ਭਾਣਾ ਮੰਨਿ ਰਜ਼ਾਇ ਰਜੋਲਿਆਂ ਦਾ।
ਚੋਲਾ ਛਡਿ ਦੇਣਾ ਹੱਡ ਚੰਮ ਕੇਰਾ, ਆਇਆ ਸੱਦ ਪਿਆਨ ਪੀਓਲਿਆਂ ਦਾ।
ਕਰਾਮਾਤ ਕਹਿਰ ਜ਼ਹਿਰ, ਕੁਫ਼ਰ ਅਜ਼ਮਤ, ਭਾਣਾ ਅਤਿ ਮਿੱਠਾ ਏਜ਼ਦੋਲਿਆਂ ਦਾ।
ਭਾਣੇ ਤੁੱਲ ਦੂਜੀ ਕੋਈ ਦਾਤਿ ਨਾਹੀ, ਭਾਣਾ ਅਤਿ ਅਮੋਲ ਖਸਮੋਲਿਆਂ ਦਾ।੨੨੩।

ਵੱਡੀ ਲਾਜ ਕੁਲਛਣੀ ਹਰਿ ਜਨਾਂ ਨੂੰ, ਹੈ ਕੁਕਾਜ ਨਾਟਕ ਚੇਟਕੋਲਿਆਂ ਦਾ।
ਸਾਨੂੰ ਯਾਰ ਸਾਈਂ ਵਾਲੀ ਕਾਰ ਚੰਗੀ, ਚੰਗਾ ਹੁਕਮ ਕਰਤਾਰ ਦਰੋਲਿਆਂ ਦਾ।
ਸੱਚ-ਖੰਡ ਦਰਬਾਰ ਦਰਸਾਰੁ ਚੰਗਾ, ਚੰਗਾ ਰਹਿਣ ਨ ਦੂਨ ਦੁਨੀਓਲਿਆਂ ਦਾ।
ਨਿਰੰਕਾਰ ਨਿਕਟਾਰ ਦੀਦਾਰ ਚੰਗਾ, ਚੰਗਾ ਰਾਜ ਨ ਛਤਰ-ਪਤੋਲਿਆਂ ਦਾ।੨੨੪।

# ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦਾ ਰਾਜ਼

*(ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ)*

***ਰਹਿੰਦੇ ਗੁਰ ਦਰੀਆਉ ਵਿਚ, ਮੀਨ ਕੁਲੀਨ ਹੇਤੁ ਨਿਰਬਾਣੀ॥***
***ਦਰਸਨੁ ਦੇਖਿ ਪਤੰਗ ਜਿਉ, ਜੋਤੀ ਅੰਦਰਿ ਜੋਤਿ ਸਮਾਣੀ॥***
***ਸਬਦ ਸੁਰਤਿ ਲਿਵ ਮਿਰਗ ਜਿਉ, ਭੀੜ ਪਈ ਚਿਤਿ ਅਵਰੁ ਨ ਆਣੀ॥***
***ਚਰਨ ਕਵਲ ਮਿਲਿ ਭਵਰ ਜਿਉ, ਸੁਖ ਸੰਪਟ ਵਿਚਿ ਰੈਣਿ ਵਿਹਾਣੀ॥***
***ਗੁਰ ਉਪਦੇਸ ਨ ਵਿਸਰੈ, ਬਾਬੀਹੇ ਜਿਉ ਆਖ ਵਖਾਣੀ॥***
***ਗੁਰਮੁਖਿ ਸੁਖ ਫਲੁ ਪਿਰਮ ਰਸ, ਸਹਜ ਸਮਾਧਿ ਸਾਧ ਸੰਗਿ ਜਾਣੀ॥***
***ਗੁਰ ਅਰਜਨ ਵਿਟਹੁ ਕੁਰਬਾਣੀ॥੨੩॥ ਵਾਰ -੨੪***

ਸ਼ਾਂਤਿ-ਚਿਤ ਮੂਰਤ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਪਰਮ ਅਨਿੰਨ ਸੇਵਕ, ਭਾਈ ਸਾਹਿਬ ਭਾਈ ਗੁਰਦਾਸ ਜੀ ਦੇ ਉਪਰਲੇ ਬਚਨ, ਉਨ੍ਹਾਂ ਦੀਆਂ ਰਚਿਤ ਵਾਰਾਂ ਵਿਚ ਦਰਜ ਹਨ। ਸੀਤਲਤਾ ਦੇ ਪੁੰਜ ਸਤਿਗੁਰੂ ਜੀ ਦੀ ਆਪ ਨੂੰ ਨੇੜਤਾ ਪ੍ਰਾਪਤ ਸੀ। ਸਤਿਗੁਰੂ ਜੀ ਦੇ ਵਰੋਸਾਏ ਹੋਏ ਇਸ ਗੁਰਸਿਖ, ਗੁਰੂ ਕੇ ਲਾਲ ਨੂੰ ਸਤਿਗੁਰੂ ਜੀ ਦੀ ਚਰਨ-ਸ਼ਰਨ ਪ੍ਰਾਪਤ ਸੀ। ਗੁਰੂ-ਬਖਸ਼ਸ਼ ਪ੍ਰਾਪਤ ਹੋਣ ਦਾ ਸਦਕਾ ਹੀ ਭਾਈ ਸਾਹਿਬ ਜੀ ਦੀ ਦ੍ਰਿਸ਼ਟੀ ਮਹਾਨ ਸੀ। ਗੁਰੂ ਪਾਤਸ਼ਾਹ ਜੀ ਦੀ ਮਹਾਨ ਜੋੜੀ ਦੇ ਦਰਸ਼ਨਾਂ ਦੇ ਜੋ ਸੁੰਦਰ ਤੇ ਅਨੂਪਮ ਝਲਕਾਰੇ ਉਨ੍ਹਾਂ ਦੀ ਦ੍ਰਿਸ਼ਟੀ ਵਿਚ ਰੂਪਮਾਨ ਹੋਏ, ਉਨ੍ਹਾਂ ਦੇ ਪ੍ਰਤੱਖ ਨਜ਼ਾਰੇ ਭਾਈ ਸਾਹਿਬ ਜੀ ਦੀ ਬਾਣੀ ਵਿਚ (ਵਾਰ ੨੪) ਉਜਾਗਰ ਹਨ।

ਅਸੀਂ ਸਰੀਰਾਂ ਦੀ ਮੋਹ-ਮਮਤਾ ਵਿਚ ਫਾਥੇ ਹੋਏ ਅਤੇ ਦੁਖਾਂ-ਸੁਖਾਂ ਵਿਚ ਉਲਝੇ ਹੋਏ ਪ੍ਰਾਣੀ, ਇਨ੍ਹਾਂ ਮਹਾਨ ਦਰਸ਼ਨਾਂ ਨੂੰ ਕਿਵੇਂ ਅਨੁਭਵ ਕਰ ਸਕਦੇ ਹਾਂ। ਸਾਡੀਆਂ ਸੰਸਾਰਕ ਬਿਰਤੀਆਂ ਤਾਂ ਚਵਰ ਤਖ਼ਤ ਦੇ ਮਾਲਕ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਇਕ ਪਾਸੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਸਿੱਖ ਸੰਗਤਾਂ ਦੇ ਦਰਮਿਆਨ ਸੁੰਦਰ ਗਲੀਚਿਆਂ ਤੇ ਬਿਰਾਜਮਾਨ ਵੇਖ ਕੇ ਸੁਖ-ਅਨੰਦ ਦਾ ਅਨੁਭਵ ਕਰਦੀਆਂ ਹਨ, ਪਰ ਦੂਜੇ ਪਾਸੇ ਤਿਮਰ ਅਗਿਆਨ ਕਾਰਨ ਸਾਡੀਆਂ ਚੁੰਧਿਆਈਆਂ ਨਜ਼ਰਾਂ ਜਦੋਂ ਉਸੇ ਪਾਤਸ਼ਾਹ ਨੂੰ ਅੱਗ ਦੇ ਮਚਦੇ ਭਾਂਬੜਾਂ ਉਤੇ ਤੱਤੀ ਲੋਹ ਤੇ ਬਿਰਾਜਮਾਨ, ਸੀਸ ਤੇ ਤਤਾ ਰੇਤਾ ਪੈਂਦਾ ਅਤੇ ਉਬਲਦੀ ਦੇਗ ਵਿਚ ਸਰੀਰ ਉਬਲਦਾ ਵੇਖਦੀਆਂ ਹਨ ਤਾਂ ਅਸੀਂ ਇਨ੍ਹਾਂ ਮਹਾਨ ਤਸੀਹਿਆਂ ਅਤੇ ਦੁਖਦਾਈ ਚਿੱਤਰ ਨੂੰ ਅੱਖਾਂ ਸਾਹਮਣੇ ਲਿਆ ਕੇ ਕੰਬ ਉਠਦੇ ਹਾਂ, ਆਪਣੇ ਦਿਲ ਦੇ ਪਾਤਸ਼ਾਹ ਨੂੰ ਅਜਿਹੇ ਕਸ਼ਟਾਂ ਵਿਚ ਵੇਖ ਕੇ ਸਾਡੀਆਂ ਭੁੱਬਾਂ ਨਿਕਲ ਜਾਂਦੀਆਂ ਹਨ। ਅਸੀਂ ਉਸ ਬ੍ਰਹਮ ਗਿਆਨੀ ਸਤਿਗੁਰੂ, ਜਿਹੜੇ ਕਿ ਤਪਤਿ ਮਾਹਿ ਠਾਢਿ ਵਰਤਾਈ ਦੇ ਕਉਤਕ ਰਚਨਹਾਰੇ ਹਨ, ਦੀ ਮਹਾਨ ਆਤਮਾ, ਉਨ੍ਹਾਂ ਦੀ ਉਚ ਬਿਵਸਥਾ ਅਤੇ ਪ੍ਰਭੂ-ਚਰਨਾਂ ਵਿਚ ਲੀਨ ਹੋਈ ਸੁਰਤ ਦਾ ਅਨੁਮਾਨ ਤਕ ਨਹੀਂ ਲਾ ਸਕਦੇ, ਸਾਡੀਆਂ ਨਜ਼ਰਾਂ ਸਰੀਰਕ ਦੁਖ-ਸੁਖਾਂ ਤਕ ਹੀ ਸੀਮਤ ਹਨ।

ਪਰ ਅਸਾਂ ਸੰਸਾਰਕ ਬਿਰਤੀਆਂ ਵਾਲਿਆਂ ਤੋਂ ਉਲਟ ਭਾਈ ਗੁਰਦਾਸ ਜੀ ਨੇ, ਸਤਿਗੁਰੂ ਜੀ ਦੀ ਮਹਾਨ ਜੁੱਤੀ ਦੇ ਜੋ ਸੁੰਦਰ ਦੀਦਾਰ ਦਿਨ ਰਾਤ ਮਾਣੇ ਅਤੇ ਪਰਤੱਖ ਦੇਖੇ ਹਨ, ਉਹ ਹਨ-

***- ਪਰਮ ਅਤੀਤੁ ਪਰਮੇਸੁਰ ਕੇ ਰੰਗ ਰੰਗ੍ਰੇ,***
***ਬਾਸਨਾ ਤੇ ਬਾਹਰਿ, ਪੈ ਦੇਖੀਅਤੁ ਧਾਮ ਸਿਉ॥੩॥***

ਅਤੇ - ਪਰਤਛਿ ਰਿਦੈ ਗੁਰ ਅਰਜੁਨ ਕੈ ਹਰਿ ਪੂਰਨ ਬ੍ਰਹਮਿ ਨਿਵਾਸ ਲੀਅਉ॥੫॥

***ਫਿਰ - ਭਨਿ ਮਥੁਰਾ ਕਛੁ ਭੇਦੁ ਨਹੀ ਗੁਰੁ ਅਰਜੁਨੁ ਪਰਤਖੁ ਹਰਿ॥੭॥***

ਭਾਈ ਗੁਰਦਾਸ ਜੀ ਨੇ ਸਤਿਗੁਰਾਂ ਦੇ ਇਹ ਪਰਤੱਖ ਦਰਸ਼ਨ ਰਜ ਰਜ ਕੇ ਕੀਤੇ ਕਿ ਕਿਵੇਂ ਉਹ ਗ੍ਰਿਹਸਤ ਵਿਚ

ਵਿਚਰਦੇ ਵੇਖੇ ਜਾਂਦੇ ਹੋਏ ਵੀ ਸੰਸਾਰਕ ਵਾਸ਼ਨਾਂ ਤੋਂ ਦੂਰ ਰਹਿੰਦੇ ਹਨ ਅਤੇ ਪਰਮ ਅਤੀਤ ਬਿਰਤੀ ਵਿਚ ਰਹਿ ਕੇ, ਵਾਹਿਗੁਰੂ ਜੀ ਦੇ ਚਰਨਾਂ ਵਿਚ ਰੰਗੇ ਰਹਿੰਦੇ ਹਨ। ਕੇਵਲ ਭਾਈ ਗੁਰਦਾਸ ਜੀ ਵਰਗੇ ਗੁਰੂ ਕੇ ਵਰੋਸਾਏ ਹੋਏ ਹੀ, ਭੱਟ ਮਥਰਾ ਦੇ ਸ਼ਬਦਾਂ ਵਿਚ, ਇਹ ਅਨੁਭਵ ਕਰ ਸਕਦੇ ਹਨ ਕਿ ਪੂਰਨ ਪਾਰਬ੍ਰਹਮ ਪ੍ਰਭੂ ਨੇ ਸਤਿਗੁਰੂ ਜੀ ਦੇ ਹਿਰਦੇ-ਤਖ਼ਤ ਉਤੇ ਨਿਵਾਸ ਕੀਤਾ ਹੋਇਆ ਹੈ ਅਤੇ ਵਾਹਿਗੁਰੂ ਜੀ ਦੇ ਚਰਨਾਂ ਵਿਚ ਸਦਾ ਜੁੜੇ ਰਹਿਣ ਕਰਕੇ ਤੇ ਵਾਹਿਗੁਰੂ ਜੀ ਦੇ ਨਾਲ ਅਭੇਦ ਹੋ ਜਾਣ ਕਰਕੇ, ਆਪ ਜੀ ਹਰੀ-ਪ੍ਰਭੂ ਦਾ ਪਰਤੱਖ ਰੂਪ ਹੀ ਹਨ।

'ਬ੍ਰਹਮ ਗਿਆਨੀ ਆਪਿ ਨਿਰੰਕਾਰ' ਦੇ ਗੁਰ-ਹੁਕਮਾਂ ਅਨੁਸਾਰ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਾਖਸ਼ਾਤ ਦਰਸ਼ਨਾਂ ਦੇ ਅਨੰਦ ਭਾਈ ਗੁਰਦਾਸ ਜੀ ਨੇ ਰਜ ਰਜ ਕੇ ਖ਼ੂਬ ਮਾਣੇ। ਜਦੋਂ ਭਾਈ ਸਾਹਿਬ ਜੀ ਨੇ ਸਤਿਗੁਰਾਂ ਦੇ ਸ਼ਹੀਦੀ ਦੇ ਅੰਤਲੇ ਦਰਸ਼ਨ-ਤੱਤੀ ਲੋਹ ਤੇ ਬਿਰਾਜਮਾਨ ਅਤੇ ਸੜਦੇ ਬਲਦੇ ਰੇਤੇ ਦੇ ਕੜਛਿਆਂ ਹੇਠ ਸਹਜ ਸਮਾਧੀ ਵਿਚ ਲਿਵਲੀਨ ਦਰਸ਼ਨ-ਅੱਖਾਂ ਦੇ ਸਾਹਮਣੇ ਲਿਆਂਦੇ ਤਾਂ ਆਪ ਜੀ ਦੇ ਸਾਹਮਣੇ ਉਹ ਸ੍ਰੀ ਹਰਿਮੰਦਰ ਸਾਹਿਬ ਵਾਲਾ ਸੁੰਦਰ ਦੀਦਾਰ ਪ੍ਰਜਵਲਤ ਹੋ ਆਇਆ।

*ਬੈਕੁੰਠ ਨਗਰੁ ਜਹਾ ਸੰਤ ਵਾਸਾ॥*
*ਪ੍ਰਭ ਚਰਣ ਕਮਲ ਰਿਦ ਮਾਹਿ ਨਿਵਾਸਾ॥*
*ਅੰਗ - ੭੪੨*

ਭਾਈ ਸਾਹਿਬ ਜੀ ਨੂੰ ਪਰਤੱਖ ਸੀ ਕਿ ਸ੍ਰੀ ਗੁਰੂ ਜੀ ਦੇ ਬਿਦੇਹ ਹਨ ਅਤੇ ਉਨ੍ਹਾਂ ਦਾ ਸੰਜੋਗ ਸਦਾ ਵਾਹਿਗੁਰੂ ਜੀ ਦੇ ਚਰਨਾਂ ਵਿਚ ਜੁੜਿਆ ਹੋਇਆ ਹੈ। ਵਾਹਿਗੁਰੂ ਜੀ ਦੇ ਚਰਨਾਂ ਵਿਚ ਲਿਵਲੀਨ ਹੋਣ ਕਰਕੇ ਸਰੀਰਕ ਦੁਖ ਸੁਖ ਉਨ੍ਹਾਂ ਦੀ ਮਹਾਨ ਆਤਮਾ ਨੂੰ ਪੋਹ ਹੀ ਨਹੀਂ ਸਕਦੇ। ਸਰੀਰ ਤਾਂ ਮਿੱਟੀ ਹੈ, ਦੁਖਾਂ ਸੁਖਾਂ ਨੂੰ ਮਹਿਸੂਸ ਕਰਨ ਵਾਲੀ ਵਸਤੂ ਸਰੀਰ ਦੇ ਅੰਦਰ ਵਸਦੀ ਆਤਮਾ ਹੈ। ਸਤਿਗੁਰੂ ਜੀ ਦੀ ਇਹ ਮਹਾਨ ਆਤਮਾ ਵਾਹਿਗੁਰੂ ਜੀ ਨਾਲ ਇਕ-ਮਿਕ ਹੋਈ ਇਉਂ ਕੂਕਦੀ ਰਹਿੰਦੀ ਹੈ ਕਿ -

*ਬਿਸਰਤ ਨਾਹਿ ਮਨ ਤੇ ਹਰੀ॥*
*ਅਬ ਇਹ ਪ੍ਰੀਤ ਮਹਾ ਪ੍ਰਬਲ ਭਈ, ਆਨ ਬਿਖੈ ਜਰੀ ॥ਰਹਾਉ॥*
*ਬੂੰਦ ਕਹਾ ਤਿਆਗਿ ਚਾਤ੍ਰਿਕ, ਮੀਨ ਰਹਤ ਨ ਘਰੀ॥*
*ਗੁਨ ਗੋਪਾਲ ਉਚਾਰ ਰਸਨਾ, ਟੇਵ ਏਹ ਪਰੀ॥੧॥*
*ਮਹਾ ਨਾਦ ਕੁਰੰਕ ਮੋਹਿਓ, ਬੇਧਿ ਤੀਖਨ ਸਰੀ॥*
*ਪ੍ਰਭ ਚਰਨ ਕਮਲ ਰਸਾਲ, ਨਾਨਕ ਗਾਠਿ ਬਾਧਿ ਧਰੀ ॥੨॥੧੯॥*
*ਅੰਗ - ੧੧੨੧*

ਸ੍ਰੀ ਗੁਰੂ ਅਰਜਨ ਦੇਵ ਜੀ ਦੀ ਮੁਖਾਰਬਿੰਦ ਬਾਣੀ ਵਿਚ ਵਾਹਿਗੁਰੂ ਜੀ ਨਾਲ ਪ੍ਰੀਤ ਦੀਆਂ ਜੋ ਉਚ ਮੰਜ਼ਲਾਂ ਦਰਸਾਈਆਂ ਹੋਈਆਂ ਹਨ, ਉਸ ਪ੍ਰੀਤ ਦੇ ਜੋ ਪਰਤੱਖ ਦਰਸ਼ਨ ਸੋਨੇ ਦੇ ਮੰਦਰਾਂ ਵਿਚ ਭਾਈ ਸਾਹਿਬ ਬੜੀ ਤੀਬਰਤਾ ਨਾਲ ਕਰਦੇ ਰਹੇ, ਹੁਣ ਸਤਿਗੁਰ ਜੀ ਦੇ ਓਹੋ ਇਲਾਹੀ ਦਰਸ਼ਨ, ਅੱਗ ਦੇ ਮਚਦੇ ਭਾਂਬੜਾਂ ਉਤੇ ਤਤੀ ਤਵੀ ਤੇ ਸਹਿਜ ਸਮਾਧ ਵਿਚ ਬਿਰਾਜਮਾਨੇ ਹੋਇਆਂ ਦੇ ਕਰ ਰਹੇ ਹਨ ਆਪ ਜੀ ਉਸ ਰੰਗ-ਰਸ-ਰਤੇ ਸਤਿਗੁਰ ਜੀ ਤੋਂ ਸਦਕੇ ਜਾਂਦੇ ਹਨ ਅਤੇ ਕਹਿੰਦੇ ਹਨ -

*ਗੁਰ ਅਰਜਨ ਵਿਟਹੁ ਬਾਣੀ॥*

ਸਤਿਗੁਰੂ ਜੀ ਦੀ ਇਸ ਪਿਰਮ ਰਸ ਵਿਚ ਰਤਿਆਂ ਦੀ ਸਹਿਜ ਸਮਾਧੀ ਦਾ ਬਿਆਨ, ਭਾਈ ਸਾਹਿਬ ਦੀ, ਪ੍ਰੇਮ ਕਮਾਉਣ ਵਾਲੇ ਪ੍ਰੇਮੀਆਂ ਦੀਆਂ ਪੰਜ ਮਿਸਾਲਾਂ ਦੇ ਕੇ ਇਉਂ ਕਰਦੇ ਹਨ -

੧. ਪਹਿਲੀ ਮਿਸਾਲ ਮੱਛੀ ਦੀ ਦਿਤੀ ਹੈ ਕਿ ਜਿਵੇਂ ਉੱਚੀ ਕੁਲ ਵਾਲੀ ਕੋਈ ਮੱਛੀ ਦਰਿਆ ਦੇ ਨਿਰਮਲ ਜਲ ਵਿਚ ਤਾਰੀਆਂ ਲਾਂਦੀ ਫਿਰਦੀ ਹੈ ਅਤੇ ਉਹ ਇਧਰ ਉਧਰ ਜਲ ਹੀ ਜਲ ਦੇਖਦੀ ਹੈ, ਉਸ ਨੂੰ ਹੋਰ ਕੁਝ ਨਜ਼ਰ ਹੀ ਨਹੀਂ ਆਉਂਦਾ, ਤਿਵੇਂ ਪੰਜਵੇਂ ਸਤਿਗੁਰੂ ਜੀ, ਸ੍ਰੀ ਗੁਰੂ ਰਾਮਦਾਸ ਜੀ ਰੂਪੀ ਨਿਰਮਲ ਜਲ ਵਿਚ, ਉਨ੍ਹਾਂ ਦੇ ਚਰਨਾਂ ਵਿਚ ਜੁੜੇ ਹੋਏ, ਉਨ੍ਹਾਂ ਨਾਲ ਓਤਿ ਪੋਤਿ ਹੋਏ ਹੋਏ, ਅਨੰਦ ਮਾਣ ਰਹੇ ਹਨ ਅਤੇ ਉਨ੍ਹਾਂ ਨੂੰ ਸਭ ਪਾਸੇ ਗੁਰਦੇਵ ਪ੍ਰਮੇਸ਼ਰ ਦੇ ਹੀ ਰੰਗ ਖਿੜੇ ਨਜ਼ਰ ਆ ਰਹੇ ਹਨ।

੨. ਦੂਜੀ ਮਿਸਾਲ ਪਤੰਗੇ ਦੀ ਦਿਤੀ ਹੈ ਕਿ ਜਿਵੇਂ ਪਤੰਗਾ ਲੱਟ ਲੱਟ ਬਲਦੀ ਸ਼ਮਾ ਤੇ ਲੱਟੂ ਹੋ ਜਾਂਦਾ ਹੈ, ਉਹ ਉਸ ਜੋਤੀ ਦੇ ਚਾਨਣ 'ਤੇ ਮਸਤ ਹੋਇਆ ਸਭ ਕੁਝ ਭੁੱਲ ਜਾਂਦਾ ਹੈ, ਅਤੇ ਇਥੋਂ ਤਕ ਕਿ ਆਪਣਾ ਆਪ ਵੀ ਉਸ ਤੋਂ ਕੁਰਬਾਨ ਕਰ ਦੇਂਦਾ ਹੈ, ਪਰ ਉਸ ਤੋਂ ਮੂੰਹ ਨਹੀਂ ਮੋੜਦਾ; ਇਸੇ ਤਰਾਂ ਹੀ ਪੰਚਮ ਪਾਤਸ਼ਾਹ ਜੀ ਵੀ ਗੁਰੂ ਰਾਮਦਾਸ ਜੀ ਦੇ ਦਰਸ਼ਨਾਂ ਵਿਚ ਮਸਲ-ਮਸਤ ਹੋਏ, ਉਨ੍ਹਾਂ ਦੀ ਜੋਤਿ ਵਿਚ ਜੋਤਿ ਰਲਾਈ ਬੈਠੇ ਹਨ।

੩. ਤੀਜੀ ਮਿਸਾਲ ਹਿਰਨ ਦੀ ਦਿੰਦੇ ਹੋਏ ਦਸਦੇ ਹਨ ਕਿ ਉਸ ਦੀ ਘੱਡੇ-ਹੋੜੇ ਦੀ ਅਵਾਜ਼ ਵਿੱਚ ਸੁਰਤ ਐਸੀ

ਸਮਾਈ ਹੁੰਦੀ ਹੈ ਕਿ ਉਸ ਅਵਾਜ਼ ਦਾ ਖਿੱਚਿਆ ਹੋਇਆ ਉਸ ਵੱਲ ਭਜਾ ਜਾਂਦਾ ਹੈ, ਭਾਵੇਂ ਉਹ ਕਿਸੇ ਫਾਹੀ ਵਿਚ ਵੀ ਵਸ ਜਾਵੇ, ਉਸ ਨੂੰ ਹੋਰ ਕੁਝ ਸੁਝਦਾ ਬੁਝਦਾ ਹੀ ਨਹੀਂ, ਇਵੇਂ ਹੀ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਗੁਰ-ਸ਼ਬਦ ਵਿਚ ਲਿਵ-ਲੀਨ ਹੋਏ ਹੋਏ ਹਨ ਅਤੇ ਅੰਤ ਸਮੇਂ ਜਦ ਭੀੜਾ ਆ ਬਣੀ ਤਾਂ ਉਹਨਾਂ ਦੇ ਅੰਦਰ ਗੁਰ-ਸ਼ਬਦ ਤੋਂ ਬਿਨਾਂ ਹੋਰ ਕੋਈ ਖ਼ਿਆਲ ਚਿਤ-ਚੇਤਾ ਵੀ ਨਹੀਂ।

੪. ਚੌਥੀ ਮਿਸਾਲ ਭੌਰ ਦੀ ਕੰਵਲ-ਫੁਲ ਨਾਲ ਪ੍ਰੀਤੀ ਦੀ ਦੇ ਕੇ ਦਸਦੇ ਹਨ ਕਿ ਜਿਵੇਂ ਉਹ ਉਸ ਦੀ ਸੁਗੰਧੀ ਵਿਚ ਗੁਟ ਹੋ ਕੇ, ਸੂਰਜ ਅਸਤ ਹੋਣ ਤੋਂ ਫੁਲ ਦੇ ਵਿਚ ਹੀ ਮੀਟਿਆ ਜਾਂਦਾ ਹੈ, ਤਿਵੇਂ ਆਤਮ-ਅਰੂੜ ਸਮਾਧੀ ਵਿਚ ਗੁਰੂ ਅਰਜਨ ਦੇਵ ਜੀ ਗੁਰੂ-ਚਰਨਾਂ ਦੀ ਗ੍ਰਿਧੀ ਵਿਚ ਲਪਟਾਇਮਾਨ ਹੋ ਰਹੇ ਹਨ।

੫. ਪੰਜਵੀਂ ਮਿਸਾਲ ਪਪੀਹੇ ਦੀ ਸਵਾਂਤੀ ਬੂੰਦ ਦੀ ਪ੍ਰਾਪਤੀ ਲਈ ਤਰਲੇ ਲੈਣ ਦੀ ਦਿੱਤੀ ਹੈ। ਉਹ ਦਿਨ ਰਾਤ ਲਗਾਤਾਰ ਸਵਾਂਤੀ ਬੂੰਦ ਲਈ ਉ ਉ ਦੀ ਜਿਵੇਂ ਰੱਟ ਲਾਈ ਰਖਦਾ ਹੈ ਤਿਵੇਂ ਹੀ ਸਤਿਗੁਰੂ ਜੀ ਦੇ ਅੰਤਰ-ਆਤਮੇ ਗੁਰ-ਸ਼ਬਦ ਦੀ ਇਕ-ਰਸ ਧੁਨੀ ਗੂੰਜ ਰਹੀ ਹੈ ਅਤੇ ਇਹ ਧੁਨੀ ਐਸੀ ਪ੍ਰਬਲ ਚਲ ਰਹੀ ਹੈ ਕਿ ਜਿਸ ਤੋਂ ਵਿਛੋੜਾ ਅਸਹਿ ਜਾਪਦਾ ਹੈ। ਗੁਰੂ ਪਰਮੇਸ਼ਰ ਦੇ ਸਨਮੁਖ ਓਤਿ ਪੋਤਿ ਹੋਏ ਹੋਏ ਜਿਸ ਪਿਰਮ ਰਸ ਦੇ ਅੰਮ੍ਰਿਤ ਨੂੰ ਉਹ ਪੀ ਰਹੇ ਹਨ, ਉਸ ਦਾ ਫਲ-ਸਰੂਪ ਅਗੰਮੀ ਸੁਖ ਹੈ, ਜੋ ਕਹਿਣ ਕਥਨ ਤੋਂ ਬਾਹਰਾ ਹੈ। ਅਜਿਹੇ ਨਾਮ-ਰੰਗ-ਤਰੰਗਾਂ ਵਿਚ ਉਹ ਗੁਰਦੇਵ ਦੀ ਹਜ਼ੂਰੀ ਵਿਚ ਸਹਿਜ-ਸਮਾਧੀ ਵਿਚ ਅਸਥਿਤ ਹੋ ਰਹੇ ਹਨ।

ਸ੍ਰੀ ਗੁਰੂ ਅਰਜਨ ਪਾਤਸ਼ਾਹ ਜੀ ਦੀ ਐਸੀ ਅਸਚਰਜ ਤੇ ਬਿਸਮਾਦੀ ਦਸ਼ਾ ਨੂੰ ਦਰਸ-ਪਰਮੇਂ ਕੇ ਭਾਈ ਗੁਰਦਾਸ ਜੀ ਵਾਰਨੇ ਬਲਿਹਾਰਨੇ ਜਾ ਰਹੇ ਹਨ।

ਪੰਚਮ ਪਾਤਸ਼ਾਹ ਜੀ ਦਾ ਇਹ ਸ਼ਹੀਦੀ ਸਾਕਾ ਅਸਾਂ ਸੰਸਾਰੀ ਜੀਵਾਂ ਲਈ ਇਕ ਮਹਾਨ ਪ੍ਰੇਰਨਾ ਹੈ ਅਤੇ ਭਾਈ ਗੁਰਦਾਸ ਜੀ ਦੀ ਇਸ ਲੇਖਣੀ ਤੋਂ ਪਰਤੱਖ ਹੈ ਕਿ ਜਿਹੜੀ ਆਤਮਾ ਮਹਾਨ ਸੁਖ ਦੇ ਸੋਮੇ ਵਾਹਿਗੁਰੂ ਦੇ ਨਾਮ-ਰਸ ਵਿਚ ਜੁੜੀ ਹੁੰਦੀ ਹੈ, ਉਹ ਉਸ ਮਹਾਨ ਸੁਖ ਦੇ ਕਾਰਨ ਸਰੀਰਕ ਕਸ਼ਟਾਂ ਨੂੰ ਤੁੱਛ ਸਮਝਦੇ ਹਨ, ਉਸ ਮਹਾਨ ਅਨੰਦ ਦੇ ਰੰਗ-ਰਸ ਵਿਚ ਦੁਨੀਆ ਦੇ ਵਡੇ ਤੋਂ ਵੱਡੇ ਤਸੀਹੇ ਉਨ੍ਹਾਂ ਨੂੰ ਪ੍ਰਤੀਤ ਹੀ ਨਹੀਂ ਹੁੰਦੇ। ਪ੍ਰਭੂ-ਚਰਨਾਂ ਵਿਚ ਜੁੜੇ ਹੋਣ ਅਤੇ ਗੁਰ-ਸ਼ਬਦ ਦੀ ਕਮਾਈ ਦਾ ਇਹ ਉਚ ਕ੍ਰਿਸ਼ਮਾ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਵਿਚ ਪਰਤੱਖ ਹੈ। ਉਨ੍ਹਾਂ ਦੇ ਨਿਕਟਵਰਤੀ ਗੁਰਸਿੱਖਾਂ ਭਾਈ ਦਿਆਲਾ ਜੀ ਦਾ ਦੇਗ ਵਿਚ ਉਬਾਲੇ ਜਾ ਕੇ ਅਤੇ ਭਾਈ ਮਤੀ ਦਾਸ ਜੀ ਦਾ ਆਰੇ ਨਾਲ ਦੋ-ਫਾੜ ਚੀਰਿਆ ਜਾ ਕੇ ਸ਼ਹੀਦ ਹੋਣਾ ਵੀ ਸਪਸ਼ਟ ਕਰਦਾ ਹੈ ਕਿ ਸਰੀਰ ਆਰੇ ਨਾਲ ਚੀਰਿਆ ਜਾ ਰਿਹਾ ਹੈ, ਲਹੂ ਦੀਆਂ ਤਤੀਰੀਆਂ ਚਲ ਰਹੀਆਂ ਹਨ, ਪਰ ਭਾਈ ਸਾਹਿਬ ਜੀ ਜਪੁਜੀ ਸਾਹਿਬ ਦੇ ਪਾਠ ਵਿਚ ਲਿਵਲੀਨ ਹਨ ਅਤੇ ਅੰਤਲੇ ਸਵਾਸ ਤਕ ਪਾਠ ਦੀ ਧੁਨੀ ਗੂੰਜ ਰਹੀ ਹੈ –

***ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ॥***
***ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ॥***

ਸ਼ਹੀਦੀਆਂ ਦਾ ਇਹ ਸਿਲਸਿਲਾ-ਦਸਮ ਪਾਤਸ਼ਾਹ ਜੀ ਦੇ ਸਾਹਿਬਜ਼ਾਦਿਆਂ, ਪੰਜਾਂ ਪਿਆਰਿਆਂ, ਚਾਲੀ ਮੁਕਤਿਆਂ ਤੇ ਉਨ੍ਹਾਂ ਤੋਂ ਬਾਅਦ ਭਾਈ ਮਨੀ ਸਿੰਘ ਜੀ ਦਾ ਬੰਦ ਬੰਦ ਕਟਵਾ ਕੇ ਸ਼ਹੀਦ ਹੋਣਾ, ਭਾਈ ਤਾਰੂ ਸਿੰਘ ਜੀ ਦਾ ਖੋਪਰ ਲੁਹਾ ਕੇ ਸ਼ਹੀਦੀ ਪਾਉਣੀ, ਭਾਈ ਸ਼ਾਹਬਾਜ਼ ਸਿੰਘ ਸੁਬੇਗ ਸਿੰਘ ਜੀ ਦਾ ਚਰਖੜੀ ਚੜ੍ਹ ਕੇ ਤੂੰਬਾ ਤੂੰਬਾ ਹੋ ਕੇ ਕੁਰਬਾਨ ਹੋ ਜਾਣਾ ਅਤੇ ਅਨੇਕਾਂ ਹੋਰ ਸ਼ਹੀਦਾਂ ਦੇ ਮਹਾਨ ਕਾਰਨਾਮੇ ਲਗਾਤਾਰ ਸਾਡੇ ਸਾਹਮਣੇ ਹਨ, ਜੋ ਪਰਤੱਖ ਕਰਦੇ ਹਨ ਕਿ ਗੁਰੂ ਚਰਨਾਂ ਵਿਚ ਜੁੜੇ ਹੋਏ ਸ਼ਹੀਦੀ ਪਰਵਾਨੇ ਸਰੀਰਕ ਕਸ਼ਟਾਂ ਨੂੰ ਤੁੱਛ ਸਮਝਦੇ ਹਨ। ਮੌਜੂਦਾ ਸਮੇਂ ਵਿਚ ਗੁਰਦਵਾਰਾ ਸੁਧਾਰ ਲਹਿਰ ਵਿਚ ਗੁਰਸਿਖਾਂ ਨੇ ਸ੍ਰੀ ਨਨਕਾਣਾ ਸਾਹਿਬ, ਪੰਜਾ ਸਾਹਿਬ, ਜੈਤੋ ਤੇ ਗੁਰੂ ਕੇ ਬਾਗ ਵਿਚ ਕੁਰਬਾਨੀਆਂ ਦੇ ਕੇ ਜੋ ਕਾਰਨਾਮੇ ਵਿਖਾਏ ਉਹ ਵੀ ਦੁਨੀਆ ਨੂੰ ਹੈਰਾਨ ਕਰ ਦੇਣ ਵਾਲੇ ਹਨ। ਇਹ ਸਭ ਸਤਿਗੁਰੂ ਦੀ ਕਲਾ ਹੈ। ਹੁਣ ਐਸ ਵੇਲੇ 'ਧਰਮ ਯੁੱਧ ਮੋਰਚੇ' ਵਿਚ ਸਿੰਘਾਂ ਦਾ ਜੋ ਜੋਸ਼ ਹੈ, ਕੁਰਬਾਨੀ ਦਾ ਮਾਦਾ ਹੈ, ਅਤੇ ਸਾਹਮਣੇ ਸ਼ਹੀਦ ਹੁੰਦੇ ਵੇਖ ਕੇ ਵੀ ਜੋ ਚੜ੍ਹਦੀ ਕਲਾ ਸਿੰਘਾਂ ਵਿਚ ਆ ਰਹੀ ਹੈ, ਇਹ ਸਭ ਗੁਰੂ ਪਾਤਸ਼ਾਹ ਦੀ ਵਰਤਾਈ ਕਲਾ ਦਾ ਹੀ ਕ੍ਰਿਸ਼ਮਾ ਹੈ।

# ਚਰਨ ਕਮਲ ਕੀ ਮਉਜ

*(ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ)*

**ਚਰਨ ਕਮਲਾਂ ਦੇ ਜਾਪ ਅਤੇ ਨਾਮ ਦੇ ਜਾਪ ਦੀ ਸਦਰਸਤਾ -**

*ਚਰਨ ਕਮਲ ਜਪਿ ਸਾਗਰੁ ਤਰਿਆ ਭਵਜਲ ਉਤਰੇ ਪਾਰਾ॥*
*ਨਾਨਕ ਸਰਣਿ ਪੂਰਨ ਪਰਮੇਸ਼ਰ ਤੇਰਾ ਅੰਤੁ ਨ ਪਾਰਾਵਾਰਾ॥੨॥੧॥ ਅੰਗ - ੭੮੪*

*ਚਰਣ ਕਮਲ ਹਿਰਦੇ ਮਹਿ ਜਾਪੁ॥*
*ਨਾਨਕੁ ਪੇਖਿ ਜੀਵੈ ਪਰਤਾਪੁ॥੪॥੮੮॥ ਅੰਗ - ੧੫੭*

*ਮਨ ਮੇਰੇ ਰਾਮ ਨਾਮੁ ਜਪਿ ਜਾਪੁ॥*
*ਮਨ ਇਛੇ ਫਲ ਭੁੰਚਿ ਤੂੰ ਸਭੁ ਚੂਕੈ ਸੋਗ ਸੰਤਾਪੁ ॥੧॥ਰਹਾਉ॥*
*ਮਨੁ ਤਨੁ ਨਿਰਮਲੁ ਹੋਇਆ ਲਾਗੀ ਸਾਚੁ ਪਰੀਤਿ॥*
*ਚਰਣ ਭਜੇ ਪਾਰਬ੍ਰਹਮ ਕੇ ਸਭਿ ਜਪ ਤਪ ਤਿਨ ਹੀ ਕੀਤਿ॥੩॥੧੭॥੮੭॥ ਅੰਗ - ੪੮*

*ਚਰਣ ਕਮਲ ਜਨ ਕਾ ਆਧਾਰੋ॥*
*ਆਠ ਪਹਰ ਰਾਮ ਨਾਮੁ ਵਾਪਾਰੋ॥੪॥੪੬॥*
*ਅੰਗ - ੧੦੭*

*ਚਰਨ ਕਮਲ ਠਾਕੁਰ ਉਰਿ ਧਾਰਿ॥*
*ਦੁਲਭ ਦੇਹ ਨਾਨਕ ਨਿਸਤਾਰਿ॥੪॥੫੧॥੧੨੦॥*
*ਅੰਗ - ੧੯੦*

*ਹਰਿ ਸਿਮਰਤ ਸਭ ਮਿਟਹਿ ਕਲੇਸ॥*
*ਚਰਣ ਕਮਲ ਮਨ ਮਹਿ ਪਰਵੇਸ॥੧॥*
*ਉਚਰਹੁ ਰਾਮ ਨਾਮੁ ਲਖ ਬਾਰੀ॥*
*ਅੰਮ੍ਰਿਤ ਰਸ ਪੀਵਹੁ ਪ੍ਰਭ ਪਿਆਰੀ॥੧॥ਰਹਾਉ॥*
*ਸੁਖ ਸਹਜ ਰਸ ਮਹਾ ਅਨੰਦਾ॥*
*ਜਪਿ ਜਪਿ ਜੀਵੇ ਪਰਮਾਨੰਦਾ॥੨॥੫॥੧੪੪॥*
*ਅੰਗ - ੧੯੪*

*ਚਰਨ ਕਮਲ ਸਿਉ ਲਾਗੀ ਪ੍ਰੀਤਿ॥*
*ਆਨ ਸੁਖਾ ਨਹੀਂ ਆਵਹਿ ਚੀਤਿ॥੩॥*
*ਸਦਾ ਸਦਾ ਸਿਮਰਹੁ ਪ੍ਰਭ ਸੁਆਮੀ॥*
*ਮਿਲੁ ਨਾਨਕ ਹਰਿ ਅੰਤਰਜਾਮੀ॥੪॥੮੨॥੧੫੧॥*
*ਅੰਗ - ੧੯੬*

*ਸਿਮਰਤ ਸੁਆਮੀ ਕਿਲਵਿਖ ਨਾਸੇ॥*
*ਸੂਖ ਸਹਜ ਅਨੰਦ ਨਿਵਾਸੇ॥*
*ਰਾਮ ਜਨਾ ਕਉ ਰਾਮ ਭਰੋਸਾ॥*
*ਨਾਮੁ ਜਪਤ ਸਭੁ ਮਿਟਿਓ ਅੰਦੇਸਾ॥੧॥ਰਹਾਉ॥*
*ਕਰਿ ਕਿਰਪਾ ਪ੍ਰਭ ਬੰਧਨ ਛੋਟ॥*
*ਚਰਣ ਕਮਲ ਕੀ ਦੀਨੀ ਓਟ॥੩॥੭੪॥੧੪੩॥*
*ਅੰਗ - ੧੯੪*

*ਰਾਮ ਰਸਾਇਣਿ ਜੋ ਜਨ ਗੀਧੇ॥*
*ਚਰਨ ਕਮਲ ਪ੍ਰੇਮ ਭਗਤੀ ਬੀਧੇ॥੧॥ਰਹਾਉ॥*
*ਆਨ ਰਸਾ ਦੀਸਹਿ ਸਭਿ ਛਾਰੁ॥*
*ਨਾਮ ਬਿਨਾ ਨਿਹਫਲ ਸੰਸਾਰ॥੧॥੯੪॥੧੬੩॥*
*ਅੰਗ - ੧੯੮*

ਇਸ ਪ੍ਰਕਾਰ ਦੇ ਅਨੇਕਾਂ ਗੁਰਵਾਕ ਹਨ, ਜੋ ਨਾਮ ਸਿਮਰਨ ਅਤੇ ਚਰਨ ਕੰਵਲ ਪਰਤਣ ਦੇ ਭਾਵ ਨੂੰ ਸਮਸਰ ਭੇਵ ਅਭੇਵ ਜਣਾਉਂਦੇ ਹਨ। ਸਿਮਰਨ ਦੀ ਅਥਾਹ ਕਮਾਈ ਦੁਆਰਾ ਜੋਤਿ ਪਰਜੁਅਲਤ ਹੋਇਆ ਨਾਮ ਭਗਤਿ-ਰਹੱਸ ਸੁਆਉ ਸੇਤੀ ਸੁਆਸਿ ਸੁਆਸਿ ਅਰਾਧਿਆ, ਪਾਰਸ-ਚਰਨ-ਕੰਵਲਾਂ ਦੇ ਆਰਾਧਨ ਰੂਪੀ ਪਾਰਸ ਪਸਾਉ ਦਾ ਅਰਥ ਰਖਦਾ ਹੈ ਅਤੇ ਇਸ ਬਿਧ ਨਾਮ-ਰਸਾਇਣੀ-ਜੋਤਿ-ਕਲਾ ਦੁਆਰਾ ਰਸਭਿੰਨੇ ਚਰਨ-ਕੰਵਲਾਂ ਦਾ ਮਨ ਤਨ ਅੰਦਰ ਵਸਣਾ ਅੰਤਰਗਤੀ ਦਰਸ਼ਨਾਂ ਦੀ ਨਚਰ ਨਾਲ ਨਿਹਾਲ ਕਰ ਦਿੰਦਾ ਹੈ। ਯਥਾ ਗੁਰਵਾਕ -

*ਚਰਨ ਕਮਲ ਮਨਿ ਤਨਿ ਬਸੇ ਦਰਸਨੁ ਦੇਖਿ ਨਿਹਾਲ॥੬॥*
*ਅੰਗ - ੨੯੮*

ਭਾਵ, ਪ੍ਰੀਤਮ ਵਾਹਿਗੁਰੂ ਦੇ ਚਰਨ ਕੰਵਲਾਂ ਦਾ ਮਨ ਤਨ ਅੰਦਰ ਵੁਠਣਾ, ਚਰਨ ਕੰਵਲਾਂ ਵਾਲੇ ਪ੍ਰੀਤਮ ਦਾ

ਨਿਕਟਵਰਤੀ ਦਰਸ਼ਨ ਝਲਕਾਉ ਹੈ। ਪ੍ਰਿਥਮ ਤੋਂ ਪ੍ਰਿਥਮ ਰਿਦੰਤਰਿ ਪ੍ਰਕਾਸ਼ ਹੋਇ ਜੋਤਿ-ਕਰਣ ਦਾ ਪ੍ਰਕਾਸ਼ ਚਰਨ ਕੰਵਲਾਂ ਦਾ ਪਰਤੱਖ ਦਰਸ਼ਨ ਹੈ। ਏਥੇ ਪਾਰਸ ਰੂਪੀ ਨਾਮ ਦਾ ਸਿਮਰਨ ਹੋਰ ਵਧੇਰੇ ਰਸ-ਜੋਤਿ ਕਲਾ ਵਿਚ ਸੁਆਸਿ ਸੁਆਸਿ ਵਿਲੋਵੀਦਾ ਹੈ। ਜਿਉਂ ਜਿਉਂ ਵਿਲੋਵੀਦਾ ਹੈ, ਤਿਉਂ ਤਿਉਂ ਅੰਤਰਿ ਭੋਈ ਜੋਤਿ-ਕਿਰਣ ਦਾ ਜੋਤਿ-ਪਸਾਰਾ ਭੀ ਹੋਰ ਹੋਰ ਵਧਦਾ ਜਾਂਦਾ ਹੈ। ਘਟ ਅੰਤਰ ਸਾਰੇ ਸਰੀਰ ਅੰਦਰ ਜੋਤਿ ਚਾਨਣਾ ਹੀ ਚਾਨਣਾ ਪਸਰ ਜਾਂਦਾ ਹੈ। ਫੇਰ ਇਹ ਜੋਤਿ-ਪਸਾਰਾ ਪਿੰਡ (ਸਰੀਰ) ਤੋਂ ਵੀ ਅਗਾਹਾਂ ਸਫੁਟ ਹੋਇ ਹੋਇ ਬ੍ਰਹਿਮੰਡ ਵਿਖੇ ਪਸਰ ਜਾਂਦਾ ਹੈ। ਘਟਿ-ਨਾਭ ਵਿਚੋਂ ਵਿਸਥਰਤ ਹੋ ਕੇ ਆਕਾਸ਼ੀ ਨਭ-ਪੁਲਾੜ ਵਿਚ ਭੀ ਜਾ ਸਮਾਉਂਦਾ ਹੈ। ਏਥੇ ਏਸ ਜੋਤਿ-ਕਲਾ ਵਿਚ ਖੇਡ ਕੇ ਜਗਿਆਸੂ ਜਨ, ਜੋਤ ਅਭਿਆਸੀ ਗੁਰਮੁਖਿ ਪਿਆਰਾ, ਪ੍ਰੀਤਮ ਦੇ ਜੋਤਿ-ਜਗਮਗੀ-ਦਰਸ਼ਨ ਸਾਂਗੋ ਪਾਂਗ ਪੇਖਦਾ ਹੈ, ਪੇਖਿ ਪੇਖਿ ਵਿਗਸਦਾ ਹੈ ਅਤੇ ਨਿਹਾਲ ਨਿਹਾਲ ਹੋ ਹੋ ਜਾਂਦਾ ਹੈ ਅਤੇ ਜੋਤਿ-ਜਗੰਨੇ ਸੁਅਰਨੀ ਰੂਪ ਰੰਗ ਦੀ ਵੰਨੀ ਚੜ੍ਹੇ ਚੜ੍ਹਾਉ ਹੋਣ ਕਰਿ, ਲਾਲੇ ਲਾਲ ਜੋਤਿ ਜਮਾਲ ਅਤੇ ਤੇਜ ਜਲਾਲ ਜਲਵਨਾ ਹੋ ਜਾਂਦਾ ਹੈ। ਤਾਂ ਹੀ ਤਾਂ 'ਨਾਮੁ ਜਪੰਦੜੀ ਲਾਲੀ' ਵਾਲੇ ਜੋਤਿ ਜਲਵਨੇ ਚੇਹਰਿਆਂ ਦੀ ਝਾਲ ਨਹੀਂ ਝੱਲੀ ਜਾਂਦੀ।

ਚਰਨ ਕੰਵਲਾਂ ਦੇ ਜਮਾਲ ਤੇ ਜਲਾਲ ਨੂੰ ਪੇਖਿ ਪੇਖਿ, ਭਗਤ ਜਨ ਜੁਹਾਰ, ਝੁਕ ਝੁਕ ਨਮਸਕਾਰ-ਬੰਦਨਾ ਕਰਦੇ ਹਨ ਤੇ ਬੰਦਨਾ ਕਰਿ ਕਰਿ ਚਰਨ-ਕੰਵਲਾਂ ਦਾ ਸਿਮਰਨ ਕਰੀ ਜਾਂਦੇ ਹਨ। ਭਗਤ ਜਨਾਂ ਦਾ ਇਹ ਚਰਨ-ਕੰਵਲ-ਲਿਵਤਾਰੀ-ਸਿਮਰਨ, ਦਰਸ਼ਨ ਬਹਾਰੀ ਭਗਤੀ ਭਾਉ ਵਿਚ, ਸਚਖੰਡ ਸਾਮ੍ਹੇ ਕਰਮ ਖੰਡ (ਨਦਰ ਖੰਡ) ਨਿਰੰਕਾਰਤਾ ਵਿਚ ਭੀ ਬਣਿਆ ਰਹਿੰਦਾ ਹੈ, ਜਿਥੇ ਅਨੇਕਾਂ ਭਗਤ ਜਨ ਨਿਤਾਪ੍ਰਤਿ ਪ੍ਰੀਤਮ ਦੇ ਚਰਨ-ਕੰਵਲਾਂ ਨੂੰ ਬੰਦ ਕਰ ਦੇ ਹੀ ਦਿਸਦੇ ਹਨ । ਜਿਹਾ ਕਿ -

*ਅਨਿਕ ਭਗਤ ਬੰਦਨਾਂ ਨਿਤ ਕਰਹਿ॥ ਚਰਨ ਕਮਲ ਹਿਰਦੈ ਸਿਮਰਹਿ॥੫॥੧੮॥*

*ਸੁਖਮਨੀ ਸਾਹਿਬ, ਅੰਗ - ੨੮੭*

*ਤਿਥੈ ਭਗਤ ਵਸਹਿ ਕੇ ਲੋਇ॥ ਕਰਹਿ ਅਨੰਦੁ ਸਚਾ ਮਨਿ ਸੋਇ॥੩੭॥* *ਜਪੁਜੀ, ਪੰਨਾ ੮*

ਐਥੇ ਇਸ ਲੋਕ ਵਿਚ ਵੀ ਭਗਤ ਜਨ ਆਪਣੀ ਸਿਮਰਨ-ਭਗਤਿ-ਕਮਾਈ ਦੁਆਰਾ ਕਰਮ-ਖੰਡ ਸਾਰਖਾ ਹੀ ਚਰਨ ਕੰਵਲਾਂ ਦੀ ਮਉਜ ਦਾ ਆਨੰਦ ਮਾਣਦੇ ਹਨ। ਯਥਾ-

*ਸਿਮਰਿ ਸਿਮਰਿ ਸਿਮਰਿ ਸੁਖੁ ਪਾਇਆ॥*
*ਚਰਨ ਕਮਲ ਗੁਰ ਰਿਦੈ ਬਸਾਇਆ॥੧॥*
*ਗੁਰ ਗੋਬਿੰਦੁ ਪਾਰਬ੍ਰਹਮੁ ਪੂਰਾ॥*
*ਤਿਸਹਿ ਅਰਾਧਿ ਮੇਰਾ ਮਨੁ ਧੀਰਾ॥ਰਹਾਉ॥*
*ਅਨਦਿਨੁ ਜਪਉ ਗੁਰੂ ਗੁਰ ਨਾਮੁ॥*
*ਤਾ ਤੇ ਸਿਧਿ ਭਏ ਸਗਲ ਕਾਮ॥੨॥*
*ਦਰਸਨੁ ਦੇਖਿ ਸੀਤਲ ਮਨ ਭਏ॥*
*ਜਨਮ ਜਨਮ ਕੇ ਕਿਲਬਿਖ ਗਏ॥੩॥*
*ਕਹੁ ਨਾਨਕ ਕਹਾ ਭੈ ਭਾਈ॥*
*ਅਪਨੇ ਸੇਵਕ ਕੀ ਆਪਿ ਪੈਜ ਰਖਾਈ॥੪॥੧੧੨॥*

*ਅੰਗ - ੨੦੨*

ਨਾਮ ਨੂੰ ਸਿਮਰਨਹਾਰਾ ਭਗਤ ਜਨ, ਸਿਮਰ ਸਿਮਰ ਕੇ ਜਿਸ ਆਤਮ-ਸੁਖ ਨੂੰ ਪ੍ਰਾਪਤ ਹੁੰਦਾ ਹੈ, ਉਹ ਵਿਸ਼ੇਸ਼ ਆਤਮ ਸੁਖ, ਗੁਰੂ ਵਾਹਿਗੁਰੂ ਦੇ ਚਰਨ ਕੰਵਲਾਂ ਦਾ ਰਿਦ ਭੀਤਰ ਸਮਾਵਣਾ ਹੈ। ਗੁਰਮਤਿ ਵਿਸ਼ੇਸ਼ ਸਿਮਰਨ, ਸੁਰਤ ਦੁਆਰਾ ਰਿਦ ਸਮਾਏ ਜੋਤਿ-ਕਿਰਣੀ-ਚਰਨ ਕੰਵਲਾਂ ਦਾ ਇਨਕਸ਼ਾਫ਼, ਗੁਰ ਪਾਰਬ੍ਰਹਮ ਪੂਰੇ ਨੂੰ ਸਾਖਯਾਤਕਾਰ ਕਰਾਉਣ ਨੂੰ ਸਮਰੱਥ ਹੈ। ਤਾਂ ਤੇ ਅਰਾਧਨਹਾਰੇ ਦਾ ਮਨ ਚਰਨ ਕਵਲਾਂ ਨੂੰ ਅਰਾਧ ਕੇ ਧੀਰ ਜਾਂਦਾ ਹੈ, (ਧੀਰਜਵਾਨ ਹੋ ਜਾਂਦਾ ਹੈ)। ਉਸ ਨੂੰ ਧੀਰਜ ਆ ਜਾਂਦੀ ਹੈ, ਕਿ ਚਰਨ ਕਵਲਾਂ ਵਾਲੇ ਪ੍ਰੀਤਮ ਦੇ ਪ੍ਰਤੱਖ ਦਰਸ਼ਨ ਦਿਦਾਰੇ ਭੀ ਨਿਕਟ ਹੀ ਹੋਣ ਵਾਲੇ ਹਨ। ਸੋ ਇਸ ਬਿਧ ਦ੍ਰਿੜ ਨਿਸਚਿਤ ਸ਼ਰਧਾਵਾਨ ਹੋ ਕੇ ਉਹ ਗੁਰੂ ਗੁਰੂ ਰੂਪੀ ਜਾਪ ਜਪਣ ਵਿਚ ਹੋਰ ਭੀ ਤਤਪਰ ਹੋ ਜਾਂਦਾ ਹੈ ਅਤੇ ਦਿਨ ਰਾਤ ਏਸ ਗੁਰੂ ਦੀ ਟੋਰ ਵਾਲੇ ਵਾਹਿਗੁਰੂ ਨਾਮ ਨੂੰ ਜਪੀ ਜਾਂਦਾ ਹੈ। ਜਿਸ ਦੇ ਜਪੀ ਜਾਣ ਕਰਕੇ ਉਸ ਜਪਣਹਾਰੇ ਦੇ ਹੋਰ ਸਾਰੇ ਮਨੋਰਥ ਭੀ ਸੁਤੇ ਸਿੱਧ ਪੂਰੇ ਹੋ ਜਾਂਦੇ ਹਨ। ਪਰਮ ਮਨੋਰਥ ਤਾਂ ਨਾਮ ਜਪਣਹਾਰੇ ਦਾ ਗੁਰੂ-ਪ੍ਰੀਤਮ ਦੀ ਪ੍ਰਾਪਤੀ ਰੂਪ ਸਿੱਧੀ ਦਾ ਹੁੰਦਾ ਹੈ। ਪਰ ਇਸ ਪਰਮ ਪ੍ਰਯੋਜਨੀ ਸਿਮਰਨ ਦੇ ਪ੍ਰਤਾਪ ਕਰਕੇ ਨਾਮ ਸਿਮਰਨ-ਹਾਰੇ ਦੇ ਸੁਤੇ ਸਹਿਜ ਸੰਕਲਪਤ ਮਨੋਰਥ ਭੀ ਪੂਰੇ ਹੋ ਜਾਂਦੇ ਹਨ। ਇਹਨਾਂ ਮਨੋਰਥਾਂ ਦੇ ਪੂਰੇ ਹੋਣ ਕਰਿ, ਉਸ ਨੂੰ ਤਤ ਸ਼ਾਂਤੀ ਤਾਂ ਪ੍ਰਾਪਤ ਨਹੀਂ ਹੁੰਦੀ, ਓਹ ਤਾਂ ਦਰਸ਼ਨ-ਪ੍ਰਾਪਤੀ ਪਰ ਹੀ ਪ੍ਰਾਪਤ ਹੋਵੇਗੀ। ਜਦੋਂ ਦਰਸ਼ਨ-ਪ੍ਰਾਪਤ ਦਾ ਸੁਭਾਗ ਸਮਾਂ ਆਉਂਦਾ ਹੈ, ਓਦੋਂ ਬਸ ਓਦੋਂ ਹੀ -

*ਦਰਸਨ ਦੇਖਿ ਸੀਤਲ ਮਨ ਭਏ॥*
*ਜਨਮ ਜਨਮ ਕੇ ਕਿਲਬਿਖ ਗਏ॥੩॥ ਅੰਗ - ੨੦੨*

ਵਾਲਾ ਪਰਤੱਖ ਵਰਤਾਰਾ ਵਰਤ ਜਾਂਦਾ ਹੈ। ਇਹ ਸਿਮਰਨ ਰੂਪ ਚਰਨ ਕੰਵਲਾਂ ਦੇ ਧਿਆਨ ਦੀ ਮਹੱਤਤਾ ਹੈ,

***(ਬਾਕੀ ਪੰਨਾ 22 'ਤੇ)***

# ਭਗਤਿ ਨਵੈ ਪਰਕਾਰਾ

*[ਗੁਰਪੁਰਵਾਸੀ ਪ੍ਰਿੰਸੀਪਲ ਗੁਰਮੁਖ ਸਿੰਘ ਜੀ, ਪਟਿਆਲਾ]*

ਪੁਰਾਤਨ ਵੇਦ-ਸ਼ਾਸਤਰੀ ਧਰਮ ਪਰੰਪਰਾ ਅਨੁਸਾਰ ਭਗਤੀ ਨੌਂ ਪ੍ਰਕਾਰ ਦੀ ਮੰਨੀ ਗਈ ਹੈ। ਗੁਰਬਾਣੀ ਵਿਚ ਇਸ ਵਲ ਇਉਂ ਸੰਕੇਤ ਕੀਤਾ ਗਿਆ ਹੈ -

*ਭਗਤਿ ਨਵੈ ਪਕਾਰਾ॥੪॥੨੨॥ ਅੰਗ - ੭੧*

ਸ੍ਰੀਮਦ ਭਾਗਵਤ ਅਨੁਸਾਰ ਇਹ ਨੌਂ ਪ੍ਰਕਾਰ ਇਹ ਹਨ - ਕੀਰਤਨ ਕਰਨਾ, ਕੀਰਤਨ ਸੁਣਨਾ, ਸਿਮਰਨ ਕਰਨਾ, ਚਰਨ ਸੇਵਾ, ਅਰੰਚਨਾ, ਬੰਦਨਾ, ਮਿੱਤਰ ਭਾਵ, (ਸਖਾ ਭਾਵ) ਦਾਸ ਭਾਵ, ਅਤੇ ਆਪਣਾ ਆਪ ਅਰਪਣ ਕਰਨਾ (ਆਤਮ ਨਿਵੇਦਨ)।

ਦੇਖਣਾ ਇਹ ਹੈ ਕਿ ਕਿਵੇਂ ਗੁਰਮਤਿ ਪੁਰਾਤਨ ਭਗਤੀ-ਪਰੰਪਰਾ ਨੂੰ ਨਵੀਂ ਸੇਧ ਦੇ ਕੇ ਉਸ ਨੂੰ ਆਪਣੇ ਸਾਧਨ ਸੁਝਾਏ ਹਨ। ਅੰਦਰ ਸਮੋਈ ਬੈਠੀ ਹੈ। ਇਥੇ ਹੀ ਬਸ ਨਹੀਂ, ਸਗੋਂ ਸਤਿਗੁਰੂ ਸਾਹਿਬਾਨ ਨੇ ਆਪਣੇ ਵਲੋਂ ਭੀ ਕੁਝ ਹੋਰ ਸਾਧਨ ਸੁਝਾਏ ਹਨ।

## (੧-੨) ਕੀਰਤਨ ਕਰਨਾ ਅਤੇ ਕੀਰਤਨ ਸੁਣਨਾ

ਗੁਰਬਾਣੀ ਨੂੰ ਰਾਗਾਂ ਵਿਚ ਸੈਟ ਕਰਕੇ ਸਤਿਗੁਰੂ ਸਾਹਿਬਾਨ ਨੇ ਮੁੱਢ ਤੋਂ ਹੀ ਇਹ ਸਪਸ਼ਟ ਕਰ ਦਿੱਤਾ, ਕਿ ਪਰਮਾਤਮਾ ਨਾਲ ਲਿਵ ਲਾਵਣ ਦਾ ਸਭ ਤੋਂ ਰਸ-ਮਈ ਤਰੀਕਾ ਕੀਰਤਨ ਹੀ ਹੈ। ਗੁਰਮਤਿ ਕੀਰਤਨ ਪਰਧਾਨ ਧਰਮ ਹੈ। ਮੌਕਾ ਚਾਹੇ ਖ਼ੁਸ਼ੀ ਦਾ ਹੋਵੇ, ਜਾਂ ਗ਼ਮੀ ਦਾ, ਗੁਰਪੁਰਬ ਹੋਵੇ ਜਾਂ ਸ਼ਹੀਦੀ ਸਮਾਗਮ, ਸਾਡੇ ਦੀਵਾਨ ਕੀਰਤਨ ਨਾਲ ਅਰੰਭ ਹੁੰਦੇ ਹਨ। ਸਤਿਗੁਰਾਂ ਨੇ ਕਿਤਨੇ ਜ਼ੋਰਦਾਰ ਸ਼ਬਦਾਂ ਵਿਚ ਇਹ ਫੁਰਮਾਇਆ ਹੈ -

*ਜੈਸੇ ਗੁਰਿ ਉਪਦੇਸਿਆ ਮੈ ਤੈਸੋ ਕਹਿਆ ਪੁਕਾਰਿ॥*
*ਨਾਨਕੁ ਕਹੈ ਸੁਨਿ ਰੇ ਮਨਾ, ਕਰਿ ਕੀਰਤਨੁ ਹੋਇ ਉਧਾਰੁ॥*
*ਅੰਗ - ੨੧੪*

ਕਲਜੁਗ ਵਿਚ ਤਾਂ ਗੁਰਮਤਿ ਅਨੁਸਾਰ ਕੀਰਤਨ ਹੀ ਪਰਧਾਨ ਆਖਿਆ ਗਿਆ ਹੈ -

*ਕਲਜੁਗ ਮਹਿ ਕੀਰਤਨੁ ਪਰਧਾਨਾ॥*
*ਗੁਰਮੁਖਿ ਜਪੀਐ ਲਾਇ ਧਿਆਨਾ॥ ਅੰਗ - ੧੦੭੫*

ਪੁਰਾਤਨ ਭਾਰਤੀ ਪਰੰਪਰਾ ਨੇ ਜ਼ਾਤ ਦੇ ਆਧਾਰ ਤੇ ਸਮਾਜ ਵਿਚ ਊਚ ਨੀਚ ਦੇ ਭੇਦ ਭਾਵ ਪਾਏ ਹੋਏ ਹਨ। ਨਤੀਜੇ ਵਜੋਂ ਉਤਮ ਅਤੇ ਮੱਧਮ ਸ਼੍ਰੇਣੀਆਂ ਤਾਂ ਭਗਤੀ ਕਰ ਸਕਦੀਆਂ ਹਨ ਕੀਰਤਨ ਰਾਹੀਂ, ਪਰ ਨੀਵੇਂ ਵਰਗ ਦੇ ਲੋਕਾਂ ਨੂੰ ਭਗਤੀ ਕਰਨ ਤੋਂ ਵਰਜਿਆ ਹੋਇਆ ਸੀ। ਕੀਰਤਨ ਲਈ ਭਜਨ ਵੇਦਾਂ ਜਾਂ ਸਿਮ੍ਰਤੀਆਂ ਵਿਚ ਦਰਜ ਨਹੀਂ ਹਨ। ਸਮੇਂ ਸਮੇਂ ਲੋਕ-ਕਵੀਆਂ ਨੇ ਧਾਰਮਕ ਭਜਨ ਬਣਾਏ, ਜਿਨ੍ਹਾਂ ਵਿਚ ਰਾਮ ਅਤੇ ਕ੍ਰਿਸ਼ਨ ਜਾਂ ਹੋਰ ਦੇਵੀ ਦੇਵਤਿਆਂ ਦੀ ਉਸਤਤ ਕੀਤੀ ਅਤੇ ਗਾਈ ਜਾਂਦੀ ਰਹੀ।

ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਉਤਰਾਧਿਕਾਰੀ ਗੁਰੂ ਸਾਹਿਬਾਨ ਨੇ ਆਪਣੀ ਬਾਣੀ ਅਤੇ ਭਗਤਾਂ ਦੀ ਬਾਣੀ ਨੂੰ ਰਾਗਾਂ ਅਨੁਸਾਰ ਰਚ ਕੇ ਦਰਜ ਕੀਤਾ, ਜਿਸ ਦੇ ਫਲਸਰੂਪ ਗੁਰਬਾਣੀ ਨੂੰ ਸ਼ਾਸਤਰੀ ਸੰਗੀਤ ਦੇ ਨਿਰਧਾਰਤ ਰਾਗਾਂ ਅਨੁਸਾਰ ਗਾਇਨ ਕੀਤਾ ਗਿਆ। ਗੁਰਬਾਣੀ ਅਕਾਲ ਪੁਰਖ ਦੇ ਗੁਣ ਗਾਉਂਦੀ ਹੈ। ਕੀਰਤਨ ਰਾਹੀਂ ਗੁਰੂ ਸਾਹਿਬਾਨ ਨੇ ਭਾਰਤ ਦੀ ਆਮ ਜਨਤਾ ਨੂੰ ਰੱਬ ਦੇ ਹੀ ਗੁਣ ਗਾਉਣ ਦੀ ਜਾਚ ਸਿਖਾਈ-ਕੀਰਤਨ ਵਿਅਕਤੀਗਤ ਭਗਤੀ ਤੋਂ ਉਪਰ ਸੰਗਤੀ ਭਗਤੀ ਹੈ। ਕੀਰਤਨ ਕਰਨਾ ਅਤੇ ਕੀਰਤਨ ਸੁਣਨਾ ਦੋਵੇਂ ਕਿਸਮ ਦੀ ਭਗਤੀ ਸੰਗਤੀ ਹੈ। ਸਤਿਗੁਰੂ ਸਾਹਿਬਾਨ ਨੇ ਬਾਣੀ ਰਚ ਕੇ ਅਤੇ ਸੰਗੀਤ ਦੀ ਟੇਕ ਦੇ ਕੇ ਪੁਰਾਤਨ ਭਗਤੀ ਪਰੰਪਰਾ ਨੂੰ ਨਵੀਂ ਸੇਧ ਬਖਸ਼ੀ ਹੈ।

## (੩) ਸਿਮਰਨ ਕਰਨਾ

ਸਮੁੱਚੀ ਬਾਣੀ ਵਿਚ ਉਪਦੇਸ਼ ਦਾ ਸਾਰਾ ਜੋਰ ਨਾਮ ਜਪਣ ਤੇ ਹੈ। ਪਰ ਨਾਮ ਕਿਸ ਦਾ ਜਪਣਾ ਹੈ? ਅਵਤਾਰਾਂ

ਜਾਂ ਦੇਵੀ ਦੇਵਤਿਆਂ ਦੇ ਨਾਮ ਜਪਣ ਨਾਲੋਂ ਸਤਿਗੁਰਾਂ ਨੇ ਇਹ ਸਿੱਖਿਆ ਦਿਤੀ -

*ਨਾਨਕ ਸਦਾ ਧਿਆਈਐ, ਧਿਆਵਨ ਜੋਗ॥*
*ਅੰਗ - ੨੬੯*

ਪਾ: ੧੦ ਦਾ ਫੁਰਮਾਨ ਹੈ -

*ਧਿਆਨ ਧਰੋ ਤਿਹ ਕੇ ਮਨ ਮੈਂ,*
*ਜਿਹ ਕਉ ਅਮਿਤੋਜ ਸਭੈ ਜਗੁ ਛਾਇਓ ॥*
*ਤ੍ਵ ਪ੍ਰਸਾਦਿ ਸਵੱਯੇ ਪਾ: ੧੦*

ਕੇਵਲ ਅਕਾਲ ਪੁਰਖ ਹੀ ਅਜੂਨੀ ਹੈ, ਬਾਕੀ ਸਾਰੇ ਦੇਵੀ ਦੇਵਤੇ ਜੂਨਾਂ ਵਿਚ ਫਿਰਦੇ ਹਨ। ਕੀ ਜੂਨਾਂ ਵਿਚ ਭਟਕਣ ਵਾਲਿਆਂ ਦਾ ਨਾਮ ਜਪਣ ਨਾਲ ਪਰਮਾਤਮਾ ਮਿਲਦਾ ਹੈ। ਸਤਿਗੁਰਾਂ ਦਾ ਤਾਂ ਇਹ ਉਪਦੇਸ਼ ਹੈ ਕਿ ਪਰਮਾਤਮਾ ਤਾਂ ਪ੍ਰੇਮ ਕੀਤਿਆਂ ਅਤੇ ਉਸਨੂੰ ਪਿਆਰ ਨਾਲ ਯਾਦ ਕੀਤਿਆਂ ਦੀ ਤਰੁਠਦਾ ਹੈ, ਦਰਸ਼ਨ ਦਿੰਦਾ ਹੈ, ਆਪਣੇ ਵਿਚ ਮੇਲ ਲੈਂਦਾ ਹੈ। ਇਸ ਲਈ ਪੁਰਾਣੇ ਨਾਵਾਂ ਨੂੰ ਨਵੇਂ ਅਰਥ ਦੇ ਕੇ ਬਾਣੀ ਵਿਚ ਵਰਤਿਆ। ਹੁਣ ਰਾਮ ਅਜੁਧਿਆ ਵਾਲਾ ਨਹੀਂ ਸੀ, ਸਗੋਂ ਸਰਬ ਵਿਆਪੀ ਰਾਮ ਮੰਨਿਆ ਗਿਆ।

*ਰਾਮ ਜਪਉ ਜੀਅ ਐਸੇ ਐਸੇ॥*
*ਧ੍ਰੂ ਪ੍ਰਹਿਲਾਦ ਜਪਿਓ ਹਰਿ ਜੈਸੇ॥ ਅੰਗ - ੩੩੭*

ਗੋਬਿੰਦ, ਗੁਪਾਲ, ਮੁਰਾਰ, ਖੁਦਾਇ, ਅਹ, ਆਦਿ ਉਸ ਪਰਮਾਤਮਾ ਲਈ ਵਰਤੇ ਗਏ ਵੰਨਗੀ ਮਾਤਰ ਸ਼ਬਦ ਹਨ। ਭਾਈ ਗੁਰਦਾਸ ਜੀ ਨੇ ਸਪੱਸ਼ਟ ਕੀਤਾ ਕਿ ਗੁਰਸਿਖ ਦੇ ਜਪਣ ਲਈ ਵਾਹਿਗੁਰੂ ਗੁਰਮੰਤਰ ਹੈ, ਜਿਹਾ ਕਿ -

*ਵਾਹਿਗੁਰੂ ਗੁਰਮੰਤ ਹੈ, ਜਪਿ ਹਉਮੈ ਖੋਈ॥*
*ਅੰਗ - ੧੩੨*

## (੪) ਚਰਨ ਸੇਵਾ

ਸਤਿਗੁਰਾਂ ਦੇ ਆਗਮਨ ਤੋਂ ਪਹਿਲਾਂ ਮੂਰਤੀ ਪੂਜਨ ਆਮ ਪਰਚਲਤ ਸੀ, ਅਤੇ ਹੁਣ ਭੀ ਹੈ। ਮੂਰਤੀ ਦੇ ਚਰਨ ਧੋ ਧੋ ਕੇ ਪੀਣ ਨੂੰ ਚਰਨ ਸੇਵਾ ਕਹਿੰਦੇ ਹਨ। ਇਸ ਨੂੰ ਚਰਨਾਮ੍ਰਿਤ, ਲੈਣਾ ਕਿਹਾ ਜਾਂਦਾ ਸੀ। ਨਿੱਤ ਠਾਕੁਰ ਜੀ ਦੇ ਚਰਨ ਧੋ ਧੋ ਕੇ ਪੀਤੇ ਜਾਂਦੇ ਸਨ। ਇਹ ਭੀ ਇਕ ਪ੍ਰਕਾਰ ਦੀ ਸ਼ਾਹਕਾਰ ਭਗਤੀ ਹੈ। ਸਤਿਗੁਰਾਂ ਨੇ ਮੂਰਤੀ-ਪੂਜਾ ਬੰਦ ਕਰਵਾ ਦਿੱਤੀ, ਉਸਦੀ ਥਾਂ ਆਪਣਾ ਅੰਗੂਠਾ ਛੁਹਾ ਕੇ ਚਰਨਾਮ੍ਰਿਤ ਸਿੱਖਾਂ ਨੂੰ ਪਿਲਾਇਆ। ਇਉਂ ਗੁਰੂ ਭਗਤੀ ਅਤੇ ਅਕਾਲ ਪੁਰਖ ਦੀ ਭਰਤੀ ਦਾ ਗੁਰੂ ਦੇ ਸ਼ਾਹਕਾਰ ਰੂਪ ਵਿਚ ਸੁਮੇਲ ਹੋਇਆ।

*ਚਰਨ ਧੋਇ ਰਹਰਾਸਿ ਕਰਿ, ਚਰਣਾ ਮ੍ਰਿਤੁ ਸਿਖਾਂ ਪੀਲਾਇਆ॥*
*ਕਲਿਜੁਗੁ ਬਾਬੇ ਤਾਰਿਆ, ਸਤਿਨਾਮੁ ਪੜ੍ਹਿ ਮੰਤ੍ਰ ਸੁਣਾਇਆ॥ ਭਾਈ ਗੁਰਦਾਸ ਜੀ, ੧/੨੩*

ਇਹੀ ਚਰਨ ਪਾਹੁਲ ਦਸਵੇਂ ਜਾਮੇ ਵਿਚ ਖੰਡੇ ਦੀ ਪਾਹੁਲ ਬਣ ਗਈ, ਜੋ ਹੁਣ ਤਕ ਪਰਚਲਤ ਹੈ, ਔਰ ਇਹ ਖੰਡੇ ਦੀ ਪਾਹੁਲ ਹੁਣ ਭੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਵਿਚ ਤਿਆਰ ਕੀਤੀ ਜਾਂਦੀ ਹੈ। ਗੁਰਮਤਿ ਵਿਚ ਕਿਸੇ ਸਾਧ ਸੰਤ ਦੇ ਚਰਨ ਧੋ ਕੇ ਪੀਣਾ ਮਨ੍ਹਾ ਹੈ। ਚਰਨਾਮ੍ਰਿਤ ਦੀ ਥਾਂ ਖੰਡੇ ਦਾ ਅੰਮ੍ਰਿਤ ਸਿੱਖਾਂ ਨੂੰ ਪਿਲਾਇਆ ਜਾਂਦਾ ਹੈ।

## (੫) ਅਰਚਨਾ

ਫੁੱਲ ਅਤੇ ਜਲ ਭੇਟ ਕਰਨਾ, ਇਹ ਪੁਰਾਤਨ ਪੂਜਾ ਦਾ ਸਰੂਪ ਸੀ। ਅਰਚਨਾ ਦੇ ਅਰਥ ਉਸਤਤ ਕਰਨ ਦੇ ਭੀ ਮਹਾਨ ਕੋਸ਼ ਵਿਚ ਲਿਖੇ ਹਨ। ਸਿੱਖ ਦੀ ਅਰਚਨਾ ਹੁਣ ਫੁੱਲ ਅਤੇ ਦੇਗ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਭੇਟ ਕਰਨ ਵਿਚ ਹੈ।

## (੬) ਬੰਦਨਾ (ਨਮਸਕਾਰ ਕਰਨਾ)

ਪੁਰਾਤਨ ਭਗਤੀ ਪਰੰਪਰਾ ਵਿਚ ਅਨੇਕਾਂ ਦੇਵੀ ਦੇਵਿਤਆਂ ਨੂੰ ਨਮਸਕਾਰ ਕੀਤੀ ਜਾਂਦੀ ਸੀ। ਇਸਲਾਮ ਵਿਚ ਭੀ ਬੰਦਨਾ ਹੈ, ਜਦੋਂ ਉਹ ਪੱਛਮ ਵਲ ਮੂੰਹ ਕਰਕੇ ਨਿਮਾਜ਼ ਦੇ ਦੌਰਾਨ ਘੜੀ ਘੜੀ ਮੱਥਾ ਟੇਕਦੇ ਹਨ। ਉਹਨਾਂ ਦੇ ਸਾਹਮਣੇ ਭਾਵੇਂ ਦੀਵਾਰ ਹੋਵੇ, ਭਾਵੇਂ ਖਾਲੀ ਥਾਂ, ਉਹ ਧਿਆਨ ਵਿਚ ਆਪਣੇ ਪਵਿੱਤਰ ਕਾਅਬੇ ਨੂੰ ਨਮਸਕਾਰ ਕਰੀ ਜਾਂਦੇ ਹਨ, ਤਾਂ ਹੀ ਦਸਮੇਸ਼ ਜੀ ਨੇ ਇਹਨਾਂ ਨੂੰ ਸੁਆਲ ਕੀਤੇ-

*ਕਾਹੂ ਲਖਿਓ ਹਰਿ ਅਵਾਚੀ ਦਿਸਾ ਮਹਿ,*
*ਕਾਹੂ ਪਛਾਹ ਕੋ ਸੀਸ ਨਿਵਾਇਓ॥*
*ਤ੍ਵ ਪ੍ਰਸਾਦਿ ਸਵੱਯੇ ਪਾ: ੧੦*

ਸ੍ਰੀ ਜਾਪ ਸਾਹਿਬ ਤਾਂ ਨਿਰੋਲ ਬੰਦਨਾ ਦੀ ਬਾਣੀ ਹੈ। ਅਕਾਲ ਉਸਤਤ ਭੀ ਹੈ ਤੇ ਅਨੇਕਾਂ ਬਾਰ ਨਮਸਕਾਰ ਭੀ ਹੈ। ਜੇ ਇਸ ਬਾਣੀ ਦਾ ਨਿਤਨੇਮ ਕਰਨ ਲਗਿਆਂ ਜ਼ਰਾ ਮਨ ਟਿਕਾਅ ਕੇ ਅਤੇ ਸਹਜੇ ਸਹਜੇ ਕੀਤਾ ਜਾਏ ਤਾਂ ਇਹ ਬੰਦਨਾ ਰੂਪ ਬੇਨਤੀ ਸਚਖੰਡ ਤੀਕ ਸ਼ਬਦ ਦੇ ਵਾਹਨ ਰਾਹੀਂ ਪਹੁੰਚਦੀ ਹੈ। ਕਾਹਲੀ ਕਾਹਲੀ ਵਿਚ ਜਾਪੁ ਸਾਹਿਬ ਦਾ ਕੀਤਾ ਪਾਠ ਉਥੇ ਨਹੀਂ ਅਪੜਦਾ।

## (੭) ਸਖਾ ਭਗਤੀ

ਪੁਰਾਤਨ ਭਗਤ ਭਗਵਾਨ ਨੂੰ ਆਪਣਾ ਮਿੱਤਰ ਬਣਾ ਕੇ ਸਤਕਾਰਦੇ ਸਨ। ਉਹਨਾਂ ਸਾਹਮਣੇ ਸੁਦਾਮਾ ਅਤੇ ਕ੍ਰਿਸ਼ਨ ਦੀ ਮਿਸਾਲ ਹੁੰਦੀ ਹੈ। ਇਸਲਾਮ ਵਿਚ ਹਜ਼ਰਤ ਮੁਹੰਮਦ ਸਾਹਿਬ ਆਪਣੇ ਆਪ ਨੂੰ ਰੱਬ ਦਾ ਮਿੱਤਰ ਅਖਵਾਉਂਦੇ ਸਨ। ਗੁਰਮਤਿ ਅੰਦਰ ਸਤਿਗੁਰੂ (ਜੋ ਅਕਾਲ ਪੁਰਖ ਦਾ ਹੀ ਸ਼ਾਹਕਾਰ ਰੂਪ ਹੈ) ਜਾਂ ਅਕਾਲ ਪੁਰਖ, ਮਿੱਤਰ ਮੰਨਿਆ ਗਿਆ ਹੈ -

***ਸਤਿਗੁਰੁ ਮਿਤ੍ਰੁ ਮੇਰਾ ਬਾਲ ਸਖਾਈ॥ ਅੰਗ - ੯੪***

ਮੁਸਲਮਾਨ ਸੂਫੀ ਰੱਬ ਨੂੰ ਯਾਰ ਕਹਿੰਦੇ ਹਨ, ਪਰ ਉਹਨਾਂ ਦੀ ਪਰੰਪਰਾ ਵਿਚ ਰੱਬ ਨੂੰ ਇਉਂ ਉਲਾਂਭੇ ਦਿਤੇ ਜਾਂਦੇ ਹਨ ਜਿਵੇਂ ਆਮ ਸੰਸਾਰੀ ਮਿਤਰ ਨੂੰ। ਪਰ ਗੁਰੂ ਸਾਹਿਬਾਨ ਨੇ ਮਿਤਰ-ਭਗਤੀ ਲਈ ਸਿੱਖਾਂ ਨੂੰ ਇਹ ਉਪਦੇਸ਼ ਦੇ ਕੇ ਇਕ ਨਵੀਂ ਸੇਧ ਦਿੱਤੀ ਹੈ ਕਿ ਸਦਾ ਆਪਣੇ ਮਿੱਤਰ ਦੇ ਹੁਕਮ ਵਿਚ ਹੀ ਰਹਿਣਾ ਹੈ -

***ਮੀਤੁ ਕਰੈ ਸੋਈ ਹਮ ਮਾਨਾ॥***
***ਮੀਤ ਕੇ ਕਰਤਬ ਕੁਸਲ ਸਮਾਨਾ॥ ਅੰਗ - ੧੮੭***

## (੮) ਦਾਸਤ-ਭਾਵ-ਭਗਤੀ

ਮਿੱਤਰ ਭਗਤੀ ਤੋਂ ਹੱਟ ਕੇ ਦਾਸ-ਚਾਕਰ ਭਾਵਨਾ ਨਾਲ ਭਰਤੀ ਕਰਨਾ ਭੀ ਪੁਰਾਤਨ ਪਰੰਪਰਾਂ ਦਾ ਇਕ ਅੰਗ ਰਿਹਾ ਹੈ। ਰਾਮ ਦੇ ਭਗਤਾਂ ਦਾ (ਜਿਵੇਂ ਹਨੂੰਮਾਨ, ਬਿਭੀਖਣ, ਸੁਗਰੀਵ, ਲਛਮਣ, ਭਰਤ ਆਦਿ) ਸਰੂਪ ਦਾਸਤ ਭਾਵ ਵਾਲੇ ਭਗਤਾਂ ਦਾ ਪਰਤੀਤ ਹੁੰਦਾ ਹੈ। ਗੁਰਮਤਿ ਵਿਚ ਰਾਮ ਦਾ ਸਰੂਪ ਹੀ ਹੋਰ ਹੈ, ਉਹ ਸਰਬ ਵਿਆਪੀ ਰਾਮ ਹੈ। ਸਿੱਖ ਨੂੰ ਸਰਬ ਵਿਆਪੀ ਰਾਮ ਦਾ ਚਾਕਰ ਬਣਨ ਲਈ ਉਪਦੇਸ਼ ਦਿੱਤਾ ਗਿਆ ਹੈ।

***ਹਮ ਚਾਕਰ ਗੋਬਿੰਦ ਕੇ, ਠਾਕੁਰੁ ਮੇਰਾ ਭਾਰਾ॥***
***ਕਰਨ ਕਰਾਵਨ ਸਗਲ ਬਿਧਿ ਸੋ ਸਤਿਗੁਰੂ ਹਮਾਰਾ॥***
***ਅੰਗ - ੩੯੯***

ਪਰ ਨਾਲ ਹੀ ਸਹੀ ਚਾਕਰ ਬਣਨ ਦੀ ਸੇਧ ਵੀ ਦੇ ਦਿੱਤੀ -

***ਚਾਕਰੁ ਕਹੀਐ ਖਸਮ ਕਾ ਸਉਹੇ ਉਤਰ ਦੇਇ॥***
***ਵਜਹੁ ਗਵਾਏ ਆਪਣਾ ਤਖਤਿ ਨ ਬੈਸਹਿ ਸੋਇ॥***
***ਅੰਗ - ੯੩੬***

ਭਾਵ, ਹੰਕਾਰਿਆਂ ਹੋਇਆ ਨੌਕਰ ਆਪਣੇ ਸੰਸਾਰੀ ਮਾਲਕ ਨੂੰ ਤੇ ਭਾਉਂਦਾ ਨਹੀਂ, ਭਲਾ ਏਡੇ ਵੱਡੇ ਸ੍ਰਿਸ਼ਟੀ ਦੇ ਮਾਲਕ ਨੂੰ ਹੰਕਾਰਿਆ ਹੋਇਆ ਦਾਸ-ਭਾਵੀ ਸੇਵਕ ਕਿਵੇਂ ਚੰਗਾ ਲਗ ਸਕੇਗਾ? ਕਦੀ ਨੀਂ। ਸਹੀ ਸੇਧ ਦਿੰਦੇ ਹੋਏ ਫੁਰਮਾਇਆ ਹੈ -

***ਚਾਕਰੁ ਲਗੈ ਚਾਕਰੀ ਜੇ ਚਲੈ ਖਸਮੈ ਭਾਇ॥***
***ਹੁਰਮਤਿ ਤਿਸਨੋ ਅਗਲੀ ਓਹੁ ਵਜਹੁ ਭਿ ਦੂਣਾ ਖਾਇ॥***
***ਅੰਗ - ੪੭੪***

ਭਾਵ, ਜਿਹੜਾ ਸੇਵਕ ਬਹੁਤੀਆਂ ਗੱਲਾਂ ਨ ਬਣਾਵੇ, ਪਰ ਆਪਣੇ ਮਾਲਕ ਦੇ ਹੁਕਮ ਨੂੰ ਸਿਰ ਮੱਥੇ ਮੰਨੇ, ਉਸ ਉੱਪਰ ਮਾਲਕ ਦੀਆਂ ਖ਼ੁਸ਼ੀਆਂ ਹੁੰਦੀਆਂ ਹਨ ਅਤੇ ਉਸ ਦੇ ਮਿਹਨਤਾਨੇ ਵਿਚ ਭੀ ਵਾਧਾ ਕੀਤਾ ਜਾਂਦਾ ਹੈ।

## (੯) ਸਮਰਪਣ ਭਗਤੀ

ਦਰਅਸਲ ਸਹੀ ਭਗਤੀ ਅਰੰਭ ਹੀ ਸਮਰਪਣ ਤੋਂ ਹੁੰਦੀ ਹੈ। ਸਨਮੁਖ ਸਿੱਖ ਅਤੇ ਬੇਮੁਖ ਸਿੱਖ ਵਿਚਕਾਰ ਸਭ ਤੋਂ ਵੱਡਾ ਅੰਤਰ ਹੀ ਇਹੀ ਹੈ ਕਿ ਸਨਮੁਖ ਆਪਣਾ ਆਪਾ ਭਾਵ ਸਤਿਗੁਰੂ ਦੇ ਪਰਾਇਣ ਹੋਏ ਰਹਿੰਦਾ ਹੈ, ਤੇ ਬੇਮੁਖ ਆਪਣੇ ਆਪ ਨਾਲ ਤਰਕਸ਼ੀਲ ਬਣਿਆ ਰਹਿੰਦਾ ਹੈ। ਨੌਂ ਗੁਰੂ ਸਾਹਿਬਾਨ ਤਕ ਸਿੱਖ ਚਰਨ ਪਾਹੁਲ ਲੈ ਕੇ ਆਪਣੇ ਆਪ ਨੂੰ ਗੁਰੂ ਨੂੰ ਸਮਰਪਣ, ਕਰਦੇ ਆਉਂਦੇ ਸਨ, ਪਰ ਸੀਸ-ਭੇਟ ਦਾ ਜੋ ਕੋਤਕ ਦਸਮੇਸ਼ ਪਿਤਾ ਨੇ ਭਰੇ ਦੀਵਾਨ ਵਿਚ ਵਰਤਾਇਆ, ਉਹ ਸਿੱਖਾਂ ਦੇ ਆਪਾ ਸਮਰਪਣ ਦੀ ਜਿਉਂਦੀ ਜਾਗਦੀ ਮਿਸਾਲ ਹੈ। ਬਾਣੀ ਵਿਚ ਸਿੱਖ ਪੜਦੇ ਤਾਂ ਆਏ ਸਨ -

***ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ,***
***ਹੁਕਮਿ ਮੰਨਿਐ ਪਾਈਐ॥੯॥ ਅਨੰਦ ਸਾਹਿਬ***

ਪਰ ਸੀਸ-ਭੇਟ ਦੇ ਸਮਾਗਮ ਵਿਚ ਤਨ, ਮਨ, ਧਨ, ਸਭ ਕੁਝ ਗੁਰੂ ਤੋਂ ਕੁਰਬਾਨ ਕਰ ਕੇ ਪ੍ਰੇਮਾ ਭਗਤੀ ਦੇ ਖੇਤਰ ਵਿਚ ਸਭ ਤੋਂ ਵੱਡਾ ਕਾਰਨਾਮਾ ਹੈ।

ਦਸ਼ਮੇਸ਼ ਜੀ ਦੇ ਸੀਸ-ਭੇਟ ਕੌਂਤਕ ਵਿਚ ਕਈ ਵਿਦਵਾਨ ਬੱਕਰੇ ਖਿੱਚ ਧੂਹ ਕੇ ਲੈ ਆਉਂਦੇ ਹਨ। ਇਹ ਸਤਿਗੁਰਾਂ ਦਾ ਘੋਰ ਅਪਮਾਨ ਹੈ। ਅਤੇ ਸੀਸ ਤਾਂ ਸਤਿਗੁਰਾਂ ਨੇ ਬਕਰਿਆਂ ਦੇ ਝਟਕਾਏ ਸੀ, ਬਾਕੀ ਤਾਂ ਸਭ ਨਾਟਕ ਸੀ। ਉਹਨਾਂ ਦੇ ਭਾਅ ਦਾ ਸਮਰਪਣ ਜਾਂ ਸੀਸ ਭੇਟ ਸਮਾਗਮ ਇਕ ਨਾਟਕ ਹੀ ਸੀ। ਜੇ ਉਹਨਾਂ ਦੀ ਦਲੀਲ ਦੇ ਮਗਰ ਤੁਰੀਏ ਤਾਂ ਖਾਲਸੇ ਦੀ ਸਿਰਜਨਾ ਭੀ ਇਕ ਨਾਟਕ ਸੀ। ਅਤੇ ਨਾਟਕ ਫਿਰ ਭੀ ਨਾਟਕ ਹੀ ਹੁੰਦਾ ਹੈ, ਇਹ ਇਕ ਝੂਠ ਮੂਠ ਦਾ ਤਮਾਸ਼ਾ ਹੀ ਹੁੰਦਾ ਹੈ। ਖਾਲਸੇ ਦੀ ਸਿਰਜਨਾ

***(ਬਾਕੀ ਪੰਨਾ 26 'ਤੇ)***

# ਪੰਚਮ ਪਾਤਸ਼ਾਹ ਦੀ ਸ਼ਹੀਦੀ

*[ਸ. ਪ੍ਰੀਤਮ ਸਿੰਘ ਜੀ ਅਣਜਾਣ, ਐਮ. ਏ. ਪੰਜਾਬੀ, ਜਲੰਧਰ]*

'ਕਲਿਜੁਗਿ ਜਹਾਜ਼ ਅਰਜੁਨੁ ਗੁਰੂ' ਦੀ ਸ਼ਹੀਦੀ ਕਿਨ੍ਹਾਂ ਕਾਰਨਾਂ ਕਰਕੇ ਹੋਈ, ਕਿਉਂ ਹੋਈ, ਕੌਣ ਜਿੰਮੇਵਾਰ ਸੀ? ਹੱਥਲੇ ਲੇਖ ਵਿਚ ਇਹਨਾਂ ਪ੍ਰਸ਼ਨਾਂ ਨੂੰ ਵਿਚਾਰਨ ਦਾ ਯਤਨ ਨਹੀਂ ਕੀਤਾ ਗਿਆ। ਇਤਿਹਾਸਕ ਪਰਿਪੇਖ ਵਿਚ ਗੱਲ ਕਰਦਿਆਂ ਇਹਨਾਂ ਪ੍ਰਸ਼ਨਾਂ ਦਾ ਉੱਤਰ, ਗੁਰੂ-ਵਰੋਧੀ ਅਨਸਰਾਂ ਦੀ ਅਸਲੀਅਤ ਉਘਾੜਨ ਤੋਂ ਪੜਛੇ ਲਾਹੁਣ ਲਈ ਖੂਬ ਵਿਸਥਾਰ ਸਹਿਤ ਬਿਆਨਿਆ ਜਾ ਸਕਦਾ ਹੈ।

ਇਥੇ ਕੇਵਲ ਸ਼ਹੀਦੀ ਦੇ ਇਸ ਨੁਕਤੇ ਨੂੰ ਧਿਆਨ ਕੇਂਦਰਿਤ ਕਰਨ ਦਾ ਉੱਦਮ ਹੈ ਕਿ, ਇਹ ਸ਼ਹੀਦੀ ਹੋਈ ਤੇ ਇਸ ਦੀ ਸਾਰਥਕਤਾ ਕੀ ਹੈ? ਗੁਰਮਤਿ ਧਾਰਾ ਦੇ ਲਮੇਂ ਪ੍ਰਵਾਹ ਵਿਚ, ਇਸ ਸ਼ਹੀਦੀ ਨੇ ਗੁਰਮਤਿ ਤੱਤਸਾਰ ਨੂੰ ਅਮਲੀ ਪੂਰਨਿਆਂ ਰਾਹੀਂ ਕਿੰਜ ਨਿਖਾਰ ਕੇ ਲੋਕਾਈ ਸਾਹਮਣੇ ਪੇਸ਼ ਕੀਤਾ?

ਉਪਰੋਕਤ ਪ੍ਰਸ਼ਨਾਂ ਦੇ ਉੱਤਰ ਵਿਚ ਹੇਠ ਲਿਖੀ ਪੰਕਤੀ ਨੂੰ ਸਾਹਮਣੇ ਰੱਖਣਾ ਜਰੂਰੀ ਹੈ -

***ਤੇਰਾ ਕੀਆ ਮੀਠਾ ਲਾਗੈ॥***
***ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ॥ ਅੰਗ - ੩੯੪***

ਪੰਚਮ ਪਾਤਸ਼ਾਹ ਦੀ ਉਚਾਰੀ ਹੋਈ ਇਹ ਪੰਗਤੀ ਅਸਲੋਂ ਹੀ ਗੁਰਮਤਿ ਦੇ ਤੱਤਸਾਰ ਨੂੰ ਆਪਣੇ ਆਪ ਵਿਚ ਸਮੋਈ ਬੈਠੀ ਹੈ। ਮਾਨਸ-ਜੀਵ ਦੀ ਨਾੜੂ ਕੱਟਣ ਤੋਂ ਲੈ ਕੇ ਮਰਨ ਤਕ ਦੀ ਸੰਸਾਰ-ਯਾਤਰਾ ਅਜਿਹੀ ਹੈ, ਜਿਸ ਦਾ ਆਦਿ ਤੇ ਅੰਤ ਦੁੱਖ ਭਰੀ ਚੀਕ ਨਾਲ ਹੁੰਦਾ ਹੈ ਇਸ ਯਾਤਰਾ ਦੇ ਦੌਰਾਨ ਜਦੋਂ ਵੀ ਇਨਸਾਨ ਨੂੰ ਆਪਣੀਆਂ ਇੱਛਾਵਾਂ ਅਨੁਕੂਲ ਮੌਕਾ, ਸਥਾਨ ਜਾਂ ਵਸਤ ਹਾਸਲ ਹੁੰਦੀ ਹੈ ਤਾਂ ਉਹ ਖੁਸ਼ ਹੁੰਦਾ ਹੈ ਪਰ ਜਦੋਂ ਇੱਛਾਵਾਂ ਦੀ ਪੂਰਤੀ ਜਾਂ ਅਤ੍ਰਿਪਤੀ ਦਾ ਸਾਹਮਣਾ ਕਰਨਾ ਪੈਂਦਾ ਹੈ ਤਾਂ ਦੁੱਖੀ ਹੁੰਦਾ ਹੈ, ਰੋਂਦਾ ਹੈ, ਕੁਰਲਾਂਦਾ ਹੈ। ਇਸ ਤਰ੍ਹਾਂ ਦੁੱਖ ਵਿਚ ਸੋਗ ਤੇ ਸੁਖ ਵਿਚ ਹਰਖ ਮਨਾਉਣਾ ਸਾਰੇ ਜੀਵਾਂ ਦਾ ਸਰਬਵਿਆਪੀ ਕੰਮ ਹੈ।

ਪਰ ਇਨਸਾਨ ਅਜਿਹੇ ਦੁਖ-ਸੁਖ ਦੇ ਸਨਮੁਖ ਹੋ ਕੇ ਹਰਖ-ਸੋਗ ਦਾ ਅਹਿਸਾਸ ਕਿਉਂ ਕਰਦਾ ਹੈ? ਇਸ ਦਾ ਉਤਰ ਢੂੰਡਣਾ ਬਣਦਾ ਹੈ। ਕਾਰਨ ਇਹ ਹੈ ਕਿ ਗੁਰਮਤਿ ਦੇ ਦ੍ਰਿੜਾਏ ਸੰਕਲਪ 'ਆਤਮਾ, ਪ੍ਰਮਾਤਮਾ ਦੀ ਅੰਸ਼ ਹੈ' ਨੂੰ ਜਦ ਇਨਸਾਨ ਵਿਸਾਰ ਕੇ ਆਪਣੀ ਨਿਰਪੇਖ ਹੋਂਦ ਦੇ ਅਹਿਸਾਸ ਹਿਤ ਕਰਮ ਕਰਦਾ ਹੈ ਤਾਂ ਅਜਿਹਾ ਹਰਖ-ਸੋਗ ਉਪਜਣਾ ਸੁਭਾਵਕ ਹੀ ਹੈ। ਪਰ ਗੁਰਮਤਿ ਅਨੁਸਾਰ ਬ੍ਰਹਮੰਡ ਦਾ ਸਾਰਾ ਕਾਰ-ਵਿਹਾਰ ਪ੍ਰਭੂ ਪ੍ਰਮਾਤਮਾ ਦੇ ਹੁਕਮ ਅਨੁਸਾਰ ਚਲ ਰਿਹਾ ਹੈ। ਇਸ ਵਿਚ ਖਾਸ ਜੀਵਾਂ ਦੀ ਗਤੀਸ਼ੀਲਤਾ ਵੀ ਹੁਕਮ ਦੇ ਤਹਿਤ ਹੀ ਹੈ। ਇਸ ਤਰ੍ਹਾਂ 'ਹੁਕਮ' ਦਾ ਸੰਕਲਪ ਹੀ ਅਜਿਹਾ ਹੈ ਜਿਸ ਦੀ ਸਿਕਦਾਰੀ ਨੂੰ ਮੰਨਦਿਆਂ 'ਤੇਰਾ ਕੀਆ ਮੀਠਾ ਲਾਗੈ' ਵਾਲੀ ਅਵਸਥਾ ਵਲ ਅਗਾਂਹ ਵਧਿਆ ਜਾ ਸਕਦਾ ਹੈ।

ਜਦੋਂ ਇਹ ਮੰਨ ਲਿਆ ਕਿ 'ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ' ਤਾਂ ਨਰ 'ਜੋ ਨਰ ਦੁਖ ਮਹਿ ਦੁਖ ਨਹੀ ਮਾਨੈ' ਵਾਲੀ ਅਵਸਥਾ ਨੂੰ ਗ੍ਰਹਿਣ ਕਰਨ ਦੇ ਕਾਬਲ ਹੋ ਸਕਦਾ ਹੈ। ਅਜਿਹੀ ਕਾਬਲੀਅਤ ਹਾਸਲ ਕਰਨ ਲਈ ਹੀ ਗੁਰਬਾਣੀ ਥਾਂ-ਥਾਂ ਅਜਿਹਾ ਬਿਆਨਦੀ ਹੈ -

***ਦੁਖੁ ਨਾਹੀਂ ਸਭੁ ਸੁਖੁ ਹੀ ਹੈ ਰੇ, ਏਕੈ ਏਕੀ ਨੇਤੈ॥***
***ਬੁਰਾ ਨਹੀਂ ਸਭ ਭਲਾ ਹੀ ਹੈ ਰੇ, ਹਾਰ ਨਹੀ ਸਭ ਜੇਤੈ॥੧॥***
***ਸੰਗੁ ਨਾਹੀ ਸਦਾ ਹਰਖੀ ਹੈ ਰੇ, ਛੋਡਿ ਨਾਹੀ ਕਿਛੁ ਲੇਤੈ॥***
***ਕਹੁ ਨਾਨਕ ਜਨੁ ਹਰਿ ਹਰਿ ਹਰਿ ਹੈ, ਕਤ ਆਵੈ ਕਤ ਰਮਤੈ॥੨॥੩॥੨੨॥ ਅੰਗ - ੧੩੦੨***

***ਸੋਗੁ ਹਰਖੁ ਦੁਇ ਸਮ ਕਰਿ ਜਾਣੈ ... ਅੰਗ - ੨੬੩***

*ਹਰਖ ਸੋਗ ਤੇ ਰਹੈ ਅਤੀਤਾ ...        ਅੰਗ - ੨੧੯*

'ਉਦਕਰਖ'-ਕਰਮ ਰਾਹੀਂ ਪ੍ਰਜਾ ਧਰਤਿ ਦੇ ਇਸ ਦ੍ਰਿਸ਼ਟਮਾਨ ਪਸਾਰੇ ਦੀ ਬਿਰਤੀ ਅਥਵਾ ਸੁਭਾਅ ਹੀ ਅਜਿਹਾ ਹੈ ਕਿ ਇਹ ਸਾਰਾ ਕੁੱਝ ਇਕ ਤਰ੍ਹਾਂ ਨਾਲ ਵਿਰੋਧਾਭਾਸਾਂ ਦਾ ਸਮੂਹ ਹੈ। ਜੋ ਦਿਨ ਹੈ ਤਾਂ ਇਸ ਦੇ ਵਿਰੋਧ ਵਿਚ ਰਾਤ ਹੈ, ਚਾਨਣ ਹੈ ਤਾਂ ਵਿਰੋਧ ਵਿਚ ਹਨੇਰਾ ਵੀ ਹੈ। ਇਸੇ ਤਰ੍ਹਾਂ ਮਨੁੱਖਾ ਜੀਵਨ ਵਿਚ ਸੁਖ ਦੇ ਵਿਰੋਧ ਵਿਚ ਦੁਖ ਦੀ ਵਿਦਮਾਨਤਾ ਪਾਈ ਜਾਂਦੀ ਹੈ। ਹਰ ਪ੍ਰਕਾਰ ਦੀਆਂ ਵਿਰੋਧੀ ਸਥਿਤੀਆਂ ਨੂੰ ਸਮ ਕਰ ਜਾਨਣ ਦਾ ਕਰਮ ਅਸਲ ਵਿਚ ਜ਼ਿੰਦਗੀ ਨੂੰ ਸਮਤਲ ਵਿਚ ਰੱਖਣ ਦਾ ਆਹਰ ਹੈ, ਸਮਤਲ ਜੀਵਨ ਜੀਊ ਸਕਣ ਦਾ ਯਤਨ ਹੈ। ਇਕ ਪਰਮ-ਧਰਮ 'ਨਾਮੀ ਦੀ ਉਸਤਤ ਕਰਨ' ਨੂੰ ਲੈ ਕੇ ਇਸ ਸਮੱਗਰ ਗੁਰਬਾਣੀ ਦੀ ਰਚਨਾ ਸਮਤੋਲ ਜੀਵਨ ਬਤੀਤ ਕਰਨ ਦੀਆਂ ਜੁਗਤਾਂ ਨੂੰ ਵਿਸਤਾਰਨ ਲਈ ਹੋਈ ਹੈ। ਇਹਨਾਂ ਜੁਗਤਾਂ ਨੂੰ ਗੁਰੂ ਜੀ ਸਿੱਖ ਅਸੂਲਾਂ ਵਜੋਂ ਅਥਵਾ ਉਪਦੇਸ਼/ਗੁਰ-ਉਪਦੇਸ਼ ਜਾਣ ਕੇ ਸਵੀਕਾਰਦਾ ਹੈ। ਇਸੇ ਲਈ ਹੀ -

ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ ਗੁਰਸਿਖਹੁ॥ (ਅੰਗ - ੩੦੮) ਦਾ ਹੁਕਮ ਵੀ ਕੀਤਾ ਗਿਆ ਹੈ ਤੇ ਗੁਰੂ ਕੇ ਸਿਖ ਜਾਣਦੇ ਹਨ ਕਿ 'ਜੋ ਗੁਰੂ ਕਹੈ ਸੋਈ ਭਲ' ਮੰਨਣ ਵਿਚ ਹੀ ਜੀਵ ਦਾ ਨਿਸਤਾਰਾ ਹੈ।

ਉਪਰੋਕਤ ਵਰਣਿਤ ਗੁਰ-ਉਪਦੇਸ਼/ਆਗਿਆ/ਬਚਨ ਨੂੰ ਸਤਿ ਸਤਿ ਕਰ ਜਾਨਣ ਦੇ ਨੁਕਤੇ ਨੂੰ ਵਿਚਾਰਦਿਆਂ ਹੀ ਹੁਣ ਮਨ ਵਿਚ ਇਹ ਪ੍ਰਸ਼ਨ ਉੱਠਦਾ ਹੈ ਕਿ ਗੁਰੂ ਸਿਰਫ਼ ਉਪਦੇਸ਼ਕ ਹੀ ਹੈ? ਸਿੱਖਾਂ ਨੂੰ ਹੀ ਅਜਿਹਾ ਕਰਨ ਲਈ ਕਹਿੰਦਾ ਹੈ ਜਾਂ ਖ਼ੁਦ ਵੀ ਉਵੇਂ ਜੀਵਨ ਬਤੀਤ ਕਰਦਾ ਹੈ? ਇਹੀ ਮੁੱਖ ਪ੍ਰਸ਼ਨ ਹਨ ਜਿਨ੍ਹਾਂ ਦੀ ਰੋਸ਼ਨੀ ਵਿਚ ਪੰਚਮ ਪਾਤਸ਼ਾਹ ਦੀ ਸ਼ਹੀਦੀ ਦੇ ਸਾਕੇ ਦੀ ਸਾਰਥਕਤਾ ਨੂੰ ਭਲੀ ਭਾਂਤ ਵੇਖਿਆ ਜਾ ਸਕਦਾ ਹੈ।

ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਇਤਿਹਾਸ ਵਿਚ ਇਕ ਅਜਿਹਾ ਵਾਕਿਆ ਹੈ ਜਿਸ ਦੀ ਬਾਬਤ ਨਿਰਸੰਕੋਚ ਇਹ ਕਿਹਾ ਜਾ ਸਕਦਾ ਹੈ ਕਿ -

ਇਹ ਸ਼ਹੀਦੀ, ਗੁਰ-ਉਪਦੇਸ਼ ਦਾ ਗੁਰ-ਅਮਲ ਰਾਹੀਂ ਸਾਖਸ਼ਾਤ ਹੋਣਾ ਹੈ।

ਦੱਸਾਂ ਹੀ ਗੁਰੂ ਜਾਮਿਆਂ ਦੀ ਇਹ ਵਿਧੀ ਰਹੀ ਹੈ ਕਿ ਉਹ-ਅਵਰਿ ਉਪਦੇਸੈ ਆਪਿ ਨ ਕਰੈ॥ ਆਵਤ ਜਾਵਤ ਜਨਮੈ ਮਰੈ॥ (ਅੰਗ - ੨੬੯) ਵਾਲੇ ਗੁਰਮਤਿ ਸਿਧਾਂਤ ਨੂੰ ਲੋਕਾਂ ਵਾਸਤੇ ਹੀ ਨਹੀਂ ਪ੍ਰਚਾਰਦੇ ਰਹੇ, ਸਗੋਂ ਉਨ੍ਹਾਂ ਨੇ ਇਸ ਸਿਧਾਂਤ ਨੂੰ ਆਪਣੇ ਉੱਪਰ ਵੀ ਲਾਗੂ ਕਰਕੇ ਵਿਖਾਇਆ ਹੈ। ਉਹ ਹਰ ਉਪਦੇਸ਼ ਦੇ ਪਹਿਲਾਂ ਖੁਦ ਧਾਰਨੀ ਹੋ ਕੇ ਤੇ ਉਸ ਉਪਰ ਅਮਲ ਕਰ ਕੇ ਦੱਸਦੇ ਸਨ। ਸਾਧਾਰਨ ਮਨੁੱਖ ਦੀ ਇਹ ਬਿਰਤੀ ਹੈ ਕਿ, ਉਸ ਨੂੰ ਜਦੋਂ ਵੀ ਕੋਈ ਕੰਮ ਕਰਨ ਜਾਂ ਨਾ ਕਰਨ ਲਈ ਉਪਦੇਸ਼ਿਆ ਜਾਵੇ ਤਾਂ ਉਹ ਝੱਟ ਹੀ ਉਸ ਗੱਲ ਨੂੰ ਉਪਦੇਸ਼-ਤਰਤਾ ਦੇ ਜੀਵਨ-ਅਮਲ ਵਿਚੋਂ ਢੂੰਡਣ ਲਗ ਪੈਂਦਾ ਹੈ। ਗੁਰੂ ਸਾਹਿਬਾਨ ਨੂੰ ਆਮ ਜੀਵਾਂ ਦੀ ਇਸ ਬਿਰਤੀ ਦਾ ਭਲੀਭਾਂਤ ਗਿਆਨ ਸੀ। ਪੰਚਮ ਪਾਤਸ਼ਾਹ ਦੀ ਸ਼ਹੀਦੀ ਦੇ ਇਸ ਸਾਕੇ ਨੂੰ ਇਸ ਸੰਦਰਭ ਵਿਚ ਵਧੇਰੇ ਸਪਸ਼ਟਤਾ ਨਾਲ ਸਮਝਿਆ ਜਾ ਸਕਦਾ ਹੈ।

ਕੀ ਹੋਰਨਾਂ ਰਿਧਾਂ, ਸਿਧਾਂ, ਪੀਰਾਂ, ਪੈਗੰਬਰਾਂ, ਅਵਤਾਰਾਂ ਵਾਂਗ ਗੁਰੂ ਅਰਜਨ ਦੇਵ ਜੀ ਘੱਟ ਅਲੌਕਿਕ ਸ਼ਕਤੀਆਂ ਦੇ ਮਾਲਕ ਸਨ? ਨਹੀਂ, ਸਗੋਂ ਜਿਥੇ ਬਾਕੀ ਅਵਤਾਰ ਗਿਣਤੀ ਦੀਆਂ ਕਲਾਂ ਦੇ ਸਮਰਥ ਸਨ, ਉਥੇ ਨਾਨਕ-ਜੋਤਿ ਦੇ ਸਭੇ ਜਾਮੇ 'ਸਰਬ ਕਲਾ ਸਮਰਥ ਗੁਰਦੇਵ' ਸਨ। ਤਦ ਪ੍ਰਸ਼ਨ ਉੱਠਦਾ ਹੈ ਕਿ ਜਦ ਪੰਚਮ ਪਾਤਸ਼ ਗੁਰੂ ਅਰਜਨ ਦੇਵ ਜੀ ਮਹਾਰਾਜ ਨੂੰ ਤੱਤੀਆਂ ਤਵੀਆਂ ਤੇ ਉਬਲਦੀਆਂ ਦੇਗਾਂ ਦੇ ਤਸੀਹੇ ਦੇਣ ਦੀ ਘਟਨਾ ਵਾਪਰੀ ਤਾਂ ਸਰਬ ਕਲਾ ਸਮਰਥ ਗੁਰੂਦੇਵ ਨੇ ਆਪਣੀ ਕਲਾ ਵਰਤਾ ਕੇ ਇਸ ਸਭ ਕੁਝ ਨੂੰ ਨਿਰਅਸਰ ਕਿਉ ਨ ਬਣਾ ਦਿੱਤਾ? ਟਕੇ ਟਕੇ ਦੇ ਚੰਦੂ ਤੇ ਜ਼ਾਲਮ ਬਾਦਸ਼ਾਹ ਜਹਾਂਗੀਰ ਨੂੰ ਮੁੜਵਾਂ ਉਤਰ ਕਿਉਂ ਨਾ ਦੇ ਕੇ ਮਜ਼ਾ ਚਖਾ ਦਿੱਤਾ? ਇਹ ਪ੍ਰਸ਼ਨ ਬੜੇ ਸਹਿਵਨ ਤੇ ਨਾਸਤਕ ਬਿਰਤੀਆਂ ਲਈ ਖ਼ਾਸ ਮਹੱਤਵ ਵਾਲੇ ਹਨ। ਪਰ ਇਹਨਾਂ ਦੇ ਜਵਾਬ ਵਿਚ ਬਾਣੀ ਵਿਚੋਂ ਹੀ ਸਾਡੇ ਪਾਸ ਠੋਸ ਦਲੀਲਾਂ ਵਿਦਮਾਨ ਹਨ -

੧. ਜਦ ਗੁਰੂ ਸਾਹਿਬਾਨ ਇਕ ਪਾਸੇ ਤਾਂ 'ਹੁਕਮਿ ਰਜਾਈ ਚਲਣਾ' ਵਾਲੇ ਸਿਧਾਂਤ ਦੀ ਸਥਾਪਨਾ ਕਰਦੇ ਹਨ ਤਾਂ ਦੂਜੇ ਪਾਸੇ ਜੇ ਵਾਪਰ ਰਹੇ ਭਾਣੇ ਨੂੰ ਆਪਣੀ ਸ਼ਕਤੀ ਰਾਹੀਂ ਨਿਸਫਲ ਬਣਾਉਣ ਦਾ ਯਤਨ ਕਰਨ ਤਾਂ ਇਹ ਵਾਹਿਗੁਰੂ ਦੇ ਹੁਕਮ ਦਿੱਚ ਵਿਘਨ ਪਾ ਕੇ ਸਥਾਪਤ ਕੀਤੇ ਸਿਧਾਂਤ ਨੂੰ ਨਕਾਰਨ ਵਾਲੀ ਗੱਲ ਬਣ ਜਾਂਦੀ ਹੈ। ਇਸੇ ਸਿਧਾਂਤ ਨੂੰ ਮੁੱਖ ਰੱਖਦਿਆਂ ਹੋਇਆਂ ਹੀ ਗੁਰੂ ਜੀ ਨੇ ਅਕਹਿ ਤੇ ਅਸਹਿ ਕਸ਼ਟ ਸਹਾਰਦਿਆਂ ਹੋਇਆਂ ਸ਼ਹੀਦੀ ਦਿੱਤੀ। ਔਰ ਇਸੇ ਵਜਹ ਕਰਕੇ ਹੀ ਮੀਆਂ ਮੀਰ ਜੀ ਨੂੰ

ਵੀ ਕੁਝ ਕਰਨ ਤੋਂ ਰੋਕ ਦਿੱਤਾ ਤੇ ਮਿੱਠੀ ਧੁਨ ਵਿਚ ਉਚਾਰਿਆ -

*ਤੇਰਾ ਕੀਆ ਮੀਠਾ ਲਾਗੈ ...*

੨. ਪਰ ਹੁਣ ਇਸੇ ਦਲੀਲ ਦਾ ਦੂਜਾ ਪਾਸਾ ਵੇਖੋ ਕਿ ਗੁਰੂ ਸਾਹਿਬ ਨੇ ਸ਼ਹੀਦੀ ਦਿੱਤੀ, ਕਰਾਮਾਤ ਨਹੀਂ ਵਿਖਾਈ, ਅਲੌਕਿਕ-ਸ਼ਕਤੀ ਦਾ ਇਸਤੇਮਾਲ ਨਹੀਂ ਕੀਤਾ ਨ ਖੁਦ ਇਸਤੇਮਾਲ ਕੀਤਾ ਤੇ ਨਾ ਹੀ ਮੀਆਂ ਮੀਰ ਜੀ ਨੂੰ ਕਰਨ ਦੀ ਆਗਿਆ ਦਿਤੀ। ਤਦ ਕੀਤਾ ਕੀ? ਤੱਤੀਆਂ ਲਾਲ ਤਵੀਆਂ ਤੇ ਬੈਠੇ, ਉਬਲਦੀਆਂ ਦੇਗਾਂ ਵਿਚ ਬੈਠੇ, ਪਿੰਡੇ 'ਤੇ ਗਰਮ ਸੜਦਾ ਰੇਤਾ ਪੁਆਇਆ, ਸਰੀਰ ਛਾਲੇ-ਛਾਲੀ ਹੋਇ ਗਇਆ, ਗਰਮ-ਸਰਦ ਦਾ ਪ੍ਰਤੀਕਰਮ ਕਰਨ ਲਈ ਫਾਲ-ਵਾਲੀ ਸਰੀਰ ਨੂੰ ਦਰਿਆ ਵਿਚ ਲਿਜਾਇਆ ਗਿਆ। ਧੰਨ ਗੁਰੂ! ਧੰਨ ਗੁਰੂ! ਧਨ ਗੁਰਦੇਵ!!! ਪਰ, ਕੀ ਇਤਿਹਾਸ, ਤੋਂ ਕੀ ਹਰ ਸਾਹਿਤਕ ਸਰੋਤ, ਇਸ ਗੱਲ ਦੀ ਗਵਾਹੀ ਭਰਦੇ ਹਨ ਕਿ ਗੁਰਦੇਵ ਜੀ ਨੇ ਇਤਨੇ ਕਸ਼ਟ ਸਹਾਰਦਿਆਂ ਮੂਹੋਂ ਸੀ ਨਹੀਂ ਉਚਰੀ। ਤਾਂ ਕੀ ਇਹ ਕਰਾਮਾਤ ਤੋਂ ਘੱਟ ਗੱਲ ਸਮਝਣੀ ਚਾਹੀਏ? ਕੋਈ ਹੋਰ ਮਨੁੱਖਾ ਜੀਵ ਅਜਿਹਾ ਕਰਕੇ ਤਾਂ ਦਿਖਾਏ? ਸਰੀਰ ਅੱਗ ਨਾਲ ਤਰਾਂ ਤਰਾਂ ਲੂਹਿਆ ਗਿਆ ਹੋਵੇ ਤੇ ਅਜਿਹੀ ਮਧੁਰ ਧੁਨ ਕੋਈ ਉਚਰ ਕੇ ਤਾਂ ਦਸੇ -

*ਤੇਰਾ ਕੀਆ ਮੀਠਾ ਲਾਗੈ .....*

ਵੈਰੀ ਨੂੰ ਆਪਣੀ ਸ਼ਕਤੀ ਨਾਲ ਪਰਾਜਤ ਕਰਨਾ ਤੇ ਵੈਰੀ ਦੇ ਵਾਰ ਨੂੰ ਪਾ ਕੇ ਵੀ ਸਾਬਤ ਸਬੂਤ ਰਹਿਣਾ, ਢੱਠਣਾ ਨ-ਇਹ ਦੋਨੋਂ ਬਹਾਦੁਰੀ ਦੇ ਕਰਮ ਹਨ। ਵੈਰੀ ਦੇ ਵਾਰ ਨੂੰ ਸਹਿ ਕੇ ਸਾਬਤ ਰਹਿਣ ਵਿਚ ਵੀ ਸ਼ਕਤੀ ਦਾ ਪ੍ਰਯੋਗ ਹੋਇਆ ਹੈ। ਜਹਾਂਗੀਰ ਦੇ ਵੇਲੇ ਗੁਰੂ ਜੀ ਨੇ ਦੂਸਰੀ ਭਾਂਤ ਦੀ ਸਹਿ ਜਾਣ ਵਾਲੀ ਸ਼ਕਤੀ ਦਾ ਚਮਤਕਾਰ ਦਿਖਾਇਆ ਹੈ, ਜੋ ਕਿ ਤੱਤਕਾਲੀ ਸਮੇਂ, ਸਥਾਨ ਤੇ ਕਾਰਨਾ ਦੇ ਐਨ ਅਨੁਕੂਲ ਸੀ। ਜਦ ਸਮੇਂ, ਸਥਾਨ ਤੇ ਕਾਰਜ ਦਾ ਸੰਦਰਭ ਬਦਲਿਆ, ਇਕ ਭਾਂਤ ਦੇ ਪੂਰਨੇ ਪਾ ਹਟੇ, ਤਾ ਛੇਵੇਂ ਤੋਂ ਦਸਵੇਂ ਜਾਮੇ ਵਿਚ ਆ ਕੇ ਤੇਗ ਵੀ ਇਹਨਾਂ ਸਤਿਗੁਰੂ ਸਾਹਿਬਾਨ ਨੇ ਹੀ ਫੜੀ, ਤੇ ਉਥੋਂ ਦੂਜੀ ਭਾਂਤ ਦੀ ਸ਼ਕਤੀ ਦੇ ਬਦਲ ਵਜੋਂ ਪਹਿਲੀ ਭਾਂਤ ਦੀ ਸ਼ਕਤੀ ਦਾ ਚਮਤਕਾਰ ਦਿਖਾਇਆ।

ਹਾਂ, ਅਸੀਂ ਗੁਰੂ ਅਰਜਨ ਪਾਤਸ਼ਾਹ ਦੀ ਸ਼ਹੀਦੀ ਦੀ ਗੱਲ ਕਰ ਰਹੇ ਸਾਂ। ਚਮਤਕਾਰ ਵਿਖਾਉਣ ਜਾਂ ਨਾ ਵਿਖਾਉਣ ਦੀ ਦਲੀਲ ਦੇ ਦੋਹਾਂ ਪਹਿਲੂਆਂ ਨੂੰ ਵਿਚਾਰਦਿਆਂ ਹੁਣ "ਤੇਰਾ ਕੀਆ ਮੀਠਾ ਲਾਗੈ' ਵਾਲੀ ਪੰਗਤੀ ਦੇ ਦੂਜੇ ਅੱਧ ਨੂੰ ਦ੍ਰਿਸ਼ਟੀਗੋਚਰ ਕਰਨਾ ਬਣਦਾ ਹੈ -

*ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ॥*

ਉਪਰ ਆਪਾਂ ਜਿਨ੍ਹਾਂ ਦੋ ਭਾਂਤ ਦੀਆਂ ਚਮਤਕਾਰੀ ਸ਼ਕਤੀਆਂ ਬਾਰੇ ਜ਼ਿਕਰ ਕੀਤਾ ਹੈ, ਉਹਨਾਂ ਦੋਹਾਂ ਦਾ ਸੋਮਾ ਇਹ ਨਾਮੁ ਪਦਾਰਥੁ ਹੀ ਤਾਂ ਹੈ! ਇਸ ਅੱਧੀ ਪੰਕਤੀ ਦੇ ਉਚਾਰਨ ਨਾਲ ਪਾਤਸ਼ਾਹ ਨੇ 'ਮਿੱਠਾ ਕਰਕੇ' ਮੰਨਨ ਦੇ ਉਪਦੇਸ਼ ਦੀ ਪੂਰਤੀ ਦੇ ਸਾਧਨ ਤੇ ਮਾਰਗ ਨੂੰ ਬਿਆਨਿਆ ਹੈ, ਕਿ ਕਿਸ ਸਾਧਨ ਕਰਕੇ ਭਾਣੇ ਨੂੰ ਮਿੱਠਾ ਕਰਕੇ ਮੰਨਿਆ ਜਾ ਸਕਦਾ ਹੈ?

ਬ੍ਰਹਮੰਡ ਦੇ ਪਸਾਰੇ ਦੇ ਮੂਲ ਵਿਚ ਇਕ ਸ਼ਕਤੀ ਦੀ ਵਿਦਮਾਨਤਾ, ਗੁਰਬਾਣੀ ਨੇ ਸਪਸ਼ਟ ਰੂਪ ਵਿਚ ਸਵੀਕਾਰੀ ਹੈ, ਜਿਸਦਾ ਮਾਲਕ ਅਦ੍ਰਿਸ਼ਟ, ਅਗੋਚਰ, ਪਾਰਬ੍ਰਹਮ ਵਾਹਿਗੁਰੂ ਆਪ ਹੈ। ਹਰ ਪ੍ਰਕਾਰ ਦੀ ਸ਼ਕਤੀ ਦਾ ਖਜ਼ਾਨਾ ਵਾਹਿਗੁਰੂ ਜੀ ਪਾਸ ਵਿਦਮਾਨ ਹੈ, ਉਹ ਹਾਰ ਹੈ। ਗੁਰਬਾਣੀ ਅਨੁਸਾਰ, ਵਾਹਿਗੁਰੂ ਅਥਵਾ ਕਰਨਹਾਰ ਜਾਂ ਨਾਮੀ ਤੇ ਨਾਮ ਅਭੇਦ ਹਨ, ਪ੍ਰਮਾਤਮਾ ਨਾਮੀ ਹੈ। ਕਿਸੇ ਵੀ ਆਤਮਾ ਨੇ ਜੇ ਕਿਸੇ ਪ੍ਰਕਾਰ ਦੀ ਨਿਰਗੁਣ ਸ਼ਕਤੀ ਗ੍ਰਹਿਣ ਕਰਨੀ ਹੈ ਤਾਂ 'ਨਾਮੀ' ਦਾ 'ਨਾਮ' ਲੈ ਕੇ (ਬਾਰੰਬਾਰ ਸਿਮਰ ਕੇ) ਉਸ ਨੂੰ ਰੀਝਾਉਣ ਦਾ ਉੱਦਮ ਕਰਨਾ ਪਰਮ-ਲਾਜ਼ਮੀ ਸ਼ਰਤ ਹੈ। ਇਸੇ ਸ਼ਰਤ ਨੂੰ ਮੰਨਦਿਆਂ ਹੀ ਨਾਮ-ਲੇਵਾ ਤਰ ਤਰਾਂ ਦੀਆਂ ਸ਼ਕਤੀਆਂ ਦਾ ਧਾਰਨੀ ਬਣ ਜਾਂਦਾ ਹੈ। ਜਿਨ੍ਹਾਂ ਵਿਚੋਂ ਉਪ੍ਰੋਕਤ ਵਰਣਿਤ ਦੋ ਭਾਂਤ ਦੀਆਂ ਸ਼ਕਤੀਆਂ ਪ੍ਰਮੁੱਖ ਹਨ। ਇਹਨਾਂ ਨੂੰ ਵੀ ਸ਼ਕਤੀਆਂ ਦੀ ਤੁਫੈਲ ਹੀ ਜ਼ਿੰਦਗੀ ਵਿਚ ਸੰਤੁਲਨ ਕਾਇਮ ਕੀਤਾ ਜਾ ਸਕਦਾ ਹੈ। ਹਰ ਹਾਲ ਨਾਮੀ ਦਾ ਨਾਮ-ਸਿਮਰਨ ਹੀ ਸਰਬ-ਪ੍ਰਕਾਰੀ ਸ਼ਕਤੀਆਂ ਦਾ ਮੂਲ ਸੋਮਾਂ ਹੈ।

ਜ਼ਿੰਦਗੀ ਦੇ ਅਨਿਕ ਪ੍ਰਕਾਰੀ ਉਤਾਰ ਚੜਾਅ ਨਾਮ-ਪਦਾਰਥ-ਆਧਾਰੀ-ਜਨਾਂ ਦੇ ਮਾਨਸਿਕ ਸੰਤੁਲਨ ਨੂੰ ਭੰਗ ਨਹੀਂ ਕਰ ਸਕਦੇ। ਤੇ ਇਹ ਹੀ ਉਸ ਪ੍ਰਮਾਤਮਾ ਦੇ ਹੁਕਮ ਅੰਦਰ ਵਾਪਰ ਰਹੀ ਖੇਡ ਨੂੰ ਅਨੰਦਚਿਤ ਹੋ ਕੇ ਸਵੀਕਾਰਨਾ ਹੈ -

*ਜੇ ਰਾਜ ਬਹਾਲੇ ਤਾ ਹਰਿ ਗੁਲਾਮੁ,*
*ਘਾਸੀ ਕਉ ਹਰਿ ਨਾਮਿ ਕਢਾਈ॥ ਅੰਗ - ੧੬੬*

ਤਥਾ -

*ਜੇ ਰਾਜੁ ਦੇਹਿ ਤ ਕਵਨ ਬਡਾਈ॥*
*ਜੇ ਭੀਖ ਮੰਗਾਵਹਿ ਤ ਕਿਆ ਘਟਿ ਜਾਈ॥*

*ਅੰਗ - ੫੨੫*

ਅਥਵਾ -

*ਜੇ ਭੁਖ ਦੇਹਿ ਤਾ ਇਤ ਹੀ ਰਾਜਾ ਦੁਖ ਵਿਚਿ ਸੁਖ ਮਨਾਈ॥* *ਅੰਗ - ੭੫੭*

ਪੰਚਮ ਪਾਤਸ਼ਾਹ ਦੀ ਸ਼ਹੀਦੀ ਤਾਂ ਇਨ੍ਹਾਂ ਸਤਰਾਂ ਦੇ ਭਾਵ ਨੂੰ ਤਰੋ-ਤਾਜਾ ਕਰਨ ਲਈ ਇਕ ਲਾਸਾਨੀ ਤੇ ਅਦੁੱਤੀ ਮਿਸਾਲ ਹੈ। ਕਿਆ ਖੂਬ ਪਾਲਣਾ ਕੀਤੀ 'ਦੁਖ ਵਿਚਿ ਸੁਖ ਮਨਾਈ' ਵਾਲੇ ਧੁਰਿ ਕੀ ਬਾਣੀ ਦੇ ਹੁਕਮਾਂ ਦੀ। ਆਪੇ ਹੀ ਦਿੜਾਏ ਅਸੂਲਾਂ ਦੀ ਸਵੈ-ਅਮਲ ਰਾਹੀਂ ਐਸੀ ਮਿਸਾਲ ਦੁਨੀਆ ਦੇ ਇਤਿਹਾਸ ਵਿਚ ਕਿਤੇ ਨਹੀਂ ਮਿਲਦੀ, ਜਿਥੇ ਤੱਤੀਆਂ ਤਵੀਆਂ, ਉਤੇ ਸ਼ਾਂਤ ਤੇ ਅਡੋਲ ਮੂਰਤ ਹੋ ਕੇ ਕੋਈ ਬੈਠਾ ਹੋਵੇ ਤੇ 'ਨਾਮ ਪਦਾਰਥ' ਦਾ ਮੰਗਣਾ ਮੰਗਿਆ ਹੋਵੇ, ਜ਼ਿਸ ਦੀ ਤੁਫ਼ੈਲ ਕਿ, ਇਹ ਰਾਜ਼ਕ ਦੀ ਰਜ਼ਾ ਵਿਚ ਪੂਰਾ ਉਤਰਨ ਦਾ ਅਮਲ ਸਿਰੇ ਚਾੜਿਆ ਹੋਵੇ। ਰਾਜ਼ਕ ਨੇ ਖੇਡ ਵਰਤਾਈ ਹੈ, ਸ਼ਾਹਿਨਸ਼ਾਹ ਗੁਰੂਦੇਵ ਨੂੰ ਅਕਹਿ ਦੁੱਖੜੇ ਸਹਾਰਨੇ ਪੈ ਰਹੇ ਹਨ, ਪਰ ਰਾਜ਼ਕ ਪ੍ਰਤਿ ਰੋਸ ਨਹੀਂ ਉਪਜ ਰਿਹਾ, ਸਗੋ 'ਪਿਆਰੇ' ਸ਼ਬਦ ਨਾਲ ਸੰਬੋਧਨ ਕਰ ਰਹੇ ਹਨ-

*ਸੁਖੁ ਦੁਖੁ ਤੇਰੀ ਆਗਿਆ ਪਿਆਰੇ......*

*ਅੰਗ - ੪੩੨*

ਇਸ ਸਾਕੇ ਵਿਚ 'ਚਰਣ ਨ ਛਾਡਉ ਸਰੀਰ ਕਲ ਜਾਈ' ਵਾਲਾ ਵਰਤਾਰਾ ਵਾਪਰ ਰਿਹਾ ਹੈ। ਰਾਜ਼ਕ, ਨਾਮੀ, ਖ਼ੁਦ 'ਨਾਮ-ਰੂਪ' ਵਿਚ ਪਾਤਸ਼ਾਹ ਦੇ ਅੰਤਰ ਆਤਮੇ ਵਿਗਾਸ ਪੈਦਾ ਕਰ ਰਿਹਾ ਹੈ। ਇਸ ਵਿਗਾਸ ਵਿਚ ਨਾਮੁ ਪਦਾਰਥੁ ਦੀ ਹੋਰ ਤੋਂ ਹੋਰ ਮੰਗ ਹੋ ਰਹੀ ਹੈ ਤੇ ਸਰੀਰ ਨੂੰ ਭਾਣੇ ਦੀ ਮਨੌਤ ਹਿਤ ਛੱਡ ਦਿੱਤਾ ਗਿਆ ਹੈ। ਆਤਮਾ ਨਾਮ-ਰੰਗ ਵਿਚ ਮਉਲ ਰਹੀ ਹੈ, ਸਰੀਰਕ ਕਸ਼ਟਾਂ ਨੂੰ ਆਤਮਾ ਇਸ ਰੰਗ ਵਿਚ ਹੀ ਹੱਸ ਹੱਸ ਕੇ ਨਜ਼ਰ-ਅੰਦਾਜ਼ ਕਰਦੀ ਜਾ ਰਹੀ ਹੈ। ਇਹ ਅਨੰਦਿਤ ਅਵਸਥਾ ਵਾਲਾ ਹਾਸਾ, ਜਿਸ ਕਾਰਨ-ਵਸਤੂ ਕਰਕੇ ਭਾਣੇ ਨੂੰ ਮਿੱਠਾ ਕਰਕੇ ਮੰਨਵਾ ਰਿਹਾ ਹੈ, ਉਸ ਵਸਤ ਦੀ ਮੰਗ ਨਾਲ ਨਾਲ ਹੋ ਰਹੀ ਹੈ -

*ਤੇਰਾ ਕੀਆ ਮੀਠਾ ਲਾਗੈ॥*
*ਹਰਿ ਨਾਮੁ ਪਦਾਰਥੁ ਨਾਨਕੁ ਮਾਗੈ॥*

*(ਪੰਨਾ 15 ਦੀ ਬਾਕੀ)*

ਜੈਸਾ ਕਿ ਅਗਲਾ ਗੁਰਵਾਕ ਦੀ ਪ੍ਰੋੜਤਾ ਕਰਦਾ ਹੈ -

*ਸਿਮਰਿ ਸਿਮਰਿ ਕਾਟੇ ਸਭਿ ਰੋਗਾ॥*
*ਚਰਣ ਧਿਆਨ ਸਰਬ ਸੁਖ ਭੋਗ॥੬॥*
*ਪੂਰਨ ਪੁਰਖੁ ਨਵਤਨ ਨਿਤ ਬਾਲਾ॥*
*ਹਰਿ ਅੰਤਰਿ ਬਾਹਰਿ ਸੰਗਿ ਰਖਵਾਲਾ॥੭॥*
*ਕਹੁ ਨਾਨਕ ਹਰਿ ਹਰਿ ਪਦੁ ਚੀਨ॥*
*ਸਰਬਸੁ ਨਾਮੁ ਭਗਤ ਕਉ ਦੀਨ॥੮॥੧੧॥*

*ਅੰਗ - ੨੪੦*

ਭਾਵ, ਨਾਮ ਦੀ ਪਾਰਸ-ਤਤ-ਸਿਮਰਨ-ਕਲਾ ਕਰਿ ਅਤੇ ਚਰਨ ਕੰਵਲਾਂ ਦੇ ਧਿਆਨ ਪ੍ਰਤਾਪ ਤੋਂ ਸਾਰੇ ਰੋਗ ਕੱਟੇ ਜਾਂਦੇ ਹਨ ਅਤੇ ਸਰਬ ਸੁਖਾਂ ਸਿਰ ਸੁਖ ਭੀ ਸਾਰੇ ਭੋਗੇ ਜਾਂਦੇ ਹਨ। ਸਾਰੇ ਸੁਖਾਂ ਦਾ ਸ਼ਿਰੋਮਣੀ ਸੁਖ ਤਾਂ ਇਹ ਆਣ ਉਦੇ ਹੁੰਦਾ ਹੈ ਕਿ ਜਦੋਂ ਨਵਤਨ ਨਿਤ ਬਾਲੜੇ ਜੋਬਨ ਜੁਆਨ ਸਰੂਪ ਵਾਲਾ ਮਨਮੋਹਨ ਜਾਨੀਅੜਾ ਪ੍ਰੀਤਮ ਵਾਹਿਗੁਰੂ ਸਰਬ ਕਲਾ ਸੰਪੂਰਨੀ ਪੂਰਨਤਾ ਵਿਚ ਪੂਰਨ ਪੁਰਖ ਹੋ ਕੇ ਸਨਮੁਖ ਦਰਸ਼ਨ ਜਲਵਾ-ਅਫ਼ਰੋਜ਼ ਆਣ ਹੁੰਦਾ ਹੈ ਅਤੇ ਪ੍ਰੇਮੀ ਭਗਤ ਜਨ ਦੇ ਅੰਤਰਿ ਬਾਹਰ ਰਖਵਾਲਾ ਹੋ ਕੇ ਚੋਜੀ ਕੋਲ ਰਚਾਂਵਦਾ ਹੈ। ਸੋ ਭਗਤ ਜਨਾਂ ਨੂੰ ਇਹ ਸਿਮਰਨ ਰੂਪੀ ਪਦ ਪ੍ਰਕਾਸ਼ਤ ਹੋਇਆ ਹੈ। ਏਹੀ ਭਗਤ ਜਨਾਂ ਦਾ ਸਰਬੰਸ, ਧਨ ਮਾਲ ਸਭ ਕੁਛ ਏਹੀ ਹੈ, ਜੋ ਧੁਰ ਦਰਗਾਹ ਤੋਂ ਭਗਤ ਜਨਾਂ ਨੂੰ ਮਿਲਿਆ ਹੈ, ਜਿਸ ਦੇ ਸਮਸਰ (ਸਦਰਸ) ਯਾ ਜਿਸ ਤੋਂ ਅਫ਼ਜ਼ਲ (ਵਧ ਕੇ) ਹੋਰ ਕਈ ਪਦ ਪਦਵੀ ਭੀ ਨਹੀਂ ਹੋ ਸਕਦੀ। ਨਾਮ ਸਿਮਰਨ ਰੂਪੀ ਚਰਨ ਕੰਵਲ ਅਰਾਧਨ ਦੀ ਅਮਿਤ ਮਹਿਮਾ ਹੈ, ਦੇਖੋ ਅਗਲੀ ਗੁਰਵਾਕ ਰੂਪੀ ਦੁਤੁਕੀ ਕੀ ਦਸਦੀ ਹੈ -

*ਗਰਭ ਕੁੰਡ ਨਰਕ ਤੇ ਰਾਖੈ ਭਵਜਲੁ ਪਾਰਿ ਉਤਾਰੇ॥*
*ਚਰਨ ਕਮਲ ਆਰਾਧਤ ਮਨ ਮਹਿ ਜਮ ਕੀ ਤ੍ਰਾਸ ਬਿਦਾਰੇ॥੨॥੧੩੮॥* *ਅੰਗ - ੨੧੦*

ਅਰਥਾਤ ਨਾਮ-ਸਿਮਰਨ ਦੇ ਪ੍ਰਤਾਪ ਕਰਿ, ਚਰਨ ਕੰਵਲਾਂ ਨੂੰ ਮਨ ਵਿਖੇ ਆਰਾਧਣ ਦਾ ਇਹ ਪਾਰਸ ਸ਼ਕਤ-ਸਿੱਟਾ ਨਿਕਲਦਾ ਹੈ ਕਿ ਨਾਮ ਸਿਮਰਨਹਾਰੇ ਨੂੰ, ਚਰਨ ਕੰਵਲ ਆਰਾਧਨਹਾਰੇ ਨੂੰ ਇਹ ਸਿਮਰਨ-ਆਧਾਰਨ-ਕਲਾ, ਗਰਭ-ਕੁੰਡ ਚੁਰਾਸੀ ਦੇ ਗੇੜ ਵਿਚ ਨਹੀਂ ਪੈਣ ਦਿੰਦੀ ਅਤੇ ਨਰਕਾਂ ਵਿਚ ਗੋਤਾ ਨਹੀਂ ਖਾਣ ਦਿੰਦੀ, ਸਗੋਂ ਭਵਜਲੋਂ ਪਾਰ ਉਤਾਰ ਦਿੰਦੀ ਹੈ ਅਤੇ ਜਮ ਦੀ ਸਾਰੀ ਤ੍ਰਾਸ ਨਿਵਾਰ ਦਿੰਦੀ ਹੈ।

# ਗੁਰਮਤਿ ਨਾਮ ਹੀ ਸਤਿਨਾਮ ਹੈ

*[ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ]*

ਗੁਰਬਾਣੀ ਵਿਚ 'ਵਾਹ ਵਾਹ' ਤੇ ਗੁਰੂ ਗੁਰੂ ਗੁਰਮਤਿ ਨਾਮ ਦੇ ਸੰਕੇਤ ਹਨ -

*ਵਾਹੁ ਵਾਹੁ ਆਪਿ ਅਖਾਇਦਾ ਗੁਰ ਸਬਦੀ ਸਚੁ ਸੋਇ॥*
*ਵਾਹੁ ਵਾਹੁ ਸਿਫਤ ਸਲਾਹ ਹੈ ਗੁਰਮੁਖਿ ਬੂਝੈ ਕੋਇ॥*
*ਵਾਹੁ ਵਾਹੁ ਬਾਣੀ ਸਚੁ ਹੈ ਸਚਿ ਮਿਲਾਵਾ ਹੋਇ॥*
*ਨਾਨਕ ਵਾਹੁ ਵਾਹੁ ਕਰਤਿਆ ਪ੍ਰਭੁ ਪਾਇਆ ਕਰਮਿ ਪਰਾਪਤਿ ਹੋਇ॥੧॥੧੪॥ ਅੰਗ - ੫੧੪*

ਇਸ ਗੁਰ-ਪ੍ਰਮਾਣ ਤੋਂ ਇਹ ਗੱਲ ਮੂਲੋਂ ਹੀ ਨਿੱਖਰ ਗਈ ਕਿ ਗੁਰਮਤਿ ਨਾਮ ਹੀ ਸਤਿ ਨਾਮ ਹੈ। ਇਹ ਸੰਕੇਤਕ ਨਾਮ, ਅਰਥਾਤ ਮਨ ਘੜਤ ਸੰਗਿਆ ਨਹੀਂ, ਬਲਕਿ 'ਵਾਹੁ ਵਾਹੁ ਆਪਿ ਅਖਾਇਦਾ' ਦੇ ਗੁਰਵਾਕ ਭਾਵ ਅਨੁਸਾਰ ਅਕਾਲ ਪੁਰਖ ਆਪ ਹੀ ਆਪਣਾ ਨਾਮ ਜਪਾਉਂਦਾ ਹੈ। ਗੁਰ-ਸ਼ਬਦ ਦੇ ਆਕਾਰ ਵਿਚ ਆਪਣਾ ਸਚੁ ਨਿਰੰਕਾਰੀ ਸਰੂਪ ਆਸ਼ਕਾਰ ਕਰ ਕੇ ਏਥੇ ਰਮਜ਼ ਮਾਤਰ ਜਪਣ ਜੋਗ ਸਿਫਤਿ ਸਾਲਾਹੀ ਨਾਮ, ਅਰਥਾਤ ਗੁਰਮਤਿ ਨਾਮ ਗੁਰਮੰਤਰ ਨੂੰ ਆਪਣੀ ਸਤਿ ਚਾਰ-ਅਖਰੀ ਗੁਰਮਤਿ ਬਣਤਰ ਵਾਲੇ ਸਤਿ-ਨਾਮ ਨੂੰ ਸਪੱਸ਼ਟਾਉਂਦੇ ਹਨ। ਅਤੇ ਇਉਂ ਅਖਰੀ ਰਮਚਾਉਂਦੇ ਹਨ - 'ਵਾਹੁ ਵਾਹੁ ਸਿਫਤਿ ਸਲਾਹ ਹੈ'। ਪਰ ਏਸ ਰਮਜ਼ ਬੁਝਾਰਤ ਨੂੰ ਸਪੱਸ਼ਟ ਤੌਰ ਤੇ 'ਗੁਰਮੁਖਿ ਬੂਝੈ ਕੋਇ', ਕੋਈ ਗੁਰਮੁਖਿ ਹੀ ਬੁਝਦਾ ਹੈ। ਇਹ ਸਿਫਤਿ ਸਲਾਹ ਕਰਨ ਯੋਗ ਗੁਰਮਤਿ ਨਾਮ ਇਕ ਖ਼ਿਆਲ ਹੀ ਨਹੀਂ, ਯਾ ਖਿਆਲੀ ਸੰਗਿਆ ਹੀ ਨਹੀਂ। ਵਾਹੁ ਵਾਹੁ ਬਾਣੀ ਸਚੁ ਹੈ ਦੇ ਗੁਰਵਾਕ ਭਾਵ ਅਨੁਸਾਰ ਧੁਰੋਂ ਆਈ ਬਿਸਮਾਦ ਰੂਪ ਬਿਸਮਾਦ ਕਰਨਹਾਰੀ ਸਚੁ ਬਾਣੀ ਹੈ। ਏਸੇ ਕਰਕੇ ਹੀ, ਅਰਥਾਤ, ਸਚ ਬਾਣੀ ਹੋਣ ਕਰਕੇ ਹੀ, ਗੁਰਮਤਿ ਨਾਮ ਸਤਿ-ਨਾਮ ਹੈ। ਅਤੇ ਏਥੇ, ਕੇਵਲ ਏਥੇ ਸਚੁ ਬਾਣੀ ਸਤਿਨਾਮ ਵਾਹਿਗੁਰੂ ਗੁਰਮੰਤਰ ਦੇ ਜਪਣ ਕਰਕੇ ਹੀ ਸਚਿ ਮਿਲਾਵਾ ਹੋਇ, ਬੱਚੇ ਅਕਾਲ ਪੁਰਖ ਨਾਲ ਮਿਲਾਵਾ ਹੁੰਦਾ ਹੈ। ਛੇਕੜਲੀ ਤੁਕ ਏਸੇ ਭਾਵ ਨੂੰ ਖੋਲ ਕੇ ਅਤੇ ਨਿਰਣੇ ਕਰ ਕੇ ਸਪੱਸ਼ਟ ਕਰਦੀ ਹੈ : 'ਨਾਨਕ ਵਾਹੁ ਵਾਹੁ ਕਰਤਿਆ ਪ੍ਰਭੁ ਪਾਇਆ। ਅਰਥਾਤ, ਗੁਰਮਤਿ ਨਾਮ ਵਾਹਿਗੁਰੂ ਦੇ ਜਪਣ ਕਰਕੇ ਹੀ ਨਾਮੀ ਪ੍ਰਭੂ ਨਿਰੰਕਾਰ ਨੂੰ ਪਾਈਦਾ ਹੈ। ਇਹ ਰਸਨਾ ਕਰਕੇ ਗੁਰਮਤਿ ਨਾਮ ਦੇ ਜਾਪ ਜਪਣ ਦਾ ਪਾਰਸ-ਕਲਾ-ਪ੍ਰਭਾਵੀ-ਪਰਤਾਪ, ਹੈ। ਏਸੇ ਰਸਨਾ ਕਰਕੇ ਨਾਮ ਜਪਣ ਦੇ ਗੁਰਮਤਿ ਭਾਵ ਨੂੰ ਇਸ ਤੋਂ ਅਗਲੇਰੇ ਸਲੋਕ ਵਿਖੇ ਹੋਰ ਨਿਰਣਾਉਂਦੇ ਹਨ -

*ਵਾਹੁ ਵਾਹੁ ਕਰਤੀ ਰਸਨਾ ਸਬਦਿ ਸੁਹਾਈ॥*
*ਪੂਰੈ ਸਬਦਿ ਪ੍ਰਭੁ ਮਿਲਿਆ ਆਈ॥*
*ਵਡਭਾਗੀਆ ਵਾਹੁ ਵਾਹੁ ਮੁਹਹੁ ਕਢਾਈ॥*
*ਵਾਹੁ ਵਾਹੁ ਕਰਹਿ ਸੇਈ ਜਨ ਸੋਹਣੇ ਤਿਨ ਕਉ ਪਰਜਾ ਪੂਜਣ ਆਈ॥*
*ਵਾਹੁ ਵਾਹੁ ਕਰਮਿ ਪਰਾਪਤਿ ਹੋਵੈ ਨਾਨਕ ਦਰਿ ਸਚੈ ਸੋਭਾ ਪਾਈ॥੨॥੧੪॥ ਅੰਗ - ੫੧੪*

ਇਸ ਸਮੁਚੇ ਗੁਰਵਾਕ ਦੀ ਤੁਕ, ਰਸਨਾ ਕਰਿ ਨਾਮ ਜਪਣ ਦੀ ਮਹਿਮਾ ਨੂੰ ਪ੍ਰਗਟਾਉਂਦੀ ਤੇ ਦ੍ਰਿੜਾਉਂਦੀ ਹੈ। ਅਤੇ ਇਹ ਭੀ ਨਿਰਣਾ ਕਰਾਉਂਦੀ ਹੈ ਕਿ ਜਪਣ ਯੋਗ ਨੀਸਾਨ ਰੂਪ ਗੁਰਮਤਿ ਨਾਮ ਖ਼ਾਸ ਅੱਖਰਾਂ ਦੁਆਰਾ ਮਿਲ ਕੇ, ਸਮਿਲਿਤ ਹੋ ਕੇ ਪੂਰਾ ਸ਼ਬਦ ਬਣਦਾ ਹੈ ਅਤੇ ਇਸ ਪੂਰੇ ਸ਼ਬਦ ਦੀ ਅਭਿਆਸ ਕਮਾਈ ਦੁਆਰਾ ਪ੍ਰਭੁ ਮਿਲਿਆ ਆਈ ਪਰੀਪੂਰਨ ਪ੍ਰਮਾਤਮਾ ਘਟ ਅੰਤਰਿ ਹੀ ਪ੍ਰਗਟ ਹੋਇ ਕੈ ਆਇ ਮਿਲਦਾ ਹੈ। ਐਸਾ ਪੂਰਾ ਸੂਰਾ ਪਾਰਸ-ਪਰਤਾਪੀ-ਨਾਮ ਜਿਨ੍ਹਾਂ ਦੇ ਮੁਖਾਂ ਤੋਂ ਸਤਿਗੁਰੂ ਕਢਾਉਂਦਾ, ਅਰਥਾਤ ਕਹਾਉਂਦਾ (ਜਪਾਉਂਦਾ) ਹੈ, ਉਹ ਮਹਾਂ ਮਹਾਂ ਵਡਭਾਗੀ ਜਨ ਹਨ। ਵਡਭਾਗੇ ਹੀ ਨਹੀਂ, ਮਹਾਂ ਸੁੰਦਰ ਸੋਹਣੇ ਅਤੇ ਪੂਜਨੀਕ

ਪਾਵਨ ਪੁਨੀਤ ਜਨ ਹਨ।

ਵਡੇ ਭਾਗਾਂ ਕਰਿ ਹੀ ਗੁਰਮਤਿ ਨਾਮ ਦੀ ਸਿਫਤ ਸਲਾਹ ਪ੍ਰਾਪਤ ਹੁੰਦੀ ਹੈ, ਜਿਸ ਦੇ ਪ੍ਰਾਪਤ ਹੋਣ ਕਰਕੇ ਹੀ ਸੱਚ (ਅਕਾਲ ਪੁਰਖ ਨਾਮੀ) ਦੇ ਦਰ ਜਾ ਕੇ ਸੋਭਾ ਪਾਈਦੀ ਹੈ। ਇਸ ਗੁਰਮਤਿ ਨਾਮ ਦੀ ਵਾਹੁ ਵਾਹੁ ਬਿਸਮਨੀ ਸਿਫ਼ਤਿ ਸਾਲਾਹ ਕਰਨ ਅਤੇ ਖਿਨ ਖਿਨ ਦਿਨ ਹੋਣ ਕਰੀ ਜਾਣ ਦੀ ਹੁਕਮ-ਰਜਾਈ-ਮਹਿਮਾ ਨੂੰ ਇਸ ਤੋਂ ਅਗਲੇਰੇ ਸਲੋਕ ਅੰਦਰਿ ਇਸ ਬਿਧਿ ਵਰਣਨ ਕਰਦੇ ਹਨ –

*ਵਾਹੁ ਵਾਹੁ ਕਰਤਿਆ ਹੋਇ ਸੁਖ ਵਿਹਾਇ॥*
*ਵਾਹੁ ਵਾਹੁ ਕਰਤਿਆ ਸਦਾ ਅਨੰਦੁ ਹੋਵੈ ਮੇਰੀ ਮਾਇ॥*
*ਵਾਹੁ ਵਾਹੁ ਕਰਤਿਆ ਹਰਿ ਸਿਉ ਲਿਵ ਲਾਇ॥*
*ਵਾਹੁ ਵਾਹੁ ਕਰਮੀ ਬੋਲੈ ਬੋਲਾਇ॥*
*ਵਾਹੁ ਵਾਹੁ ਕਰਤਿਆ ਸੋਭਾ ਪਾਇ॥*
*ਨਾਨਕ ਵਾਹੁ ਵਾਹੁ ਸਤਿ ਰਜਾਇ॥੧॥ ਅੰਗ – ੫੧੪*

ਵਾਹ ਵਾਹ ਰੂਪੀ ਸਿਫਤਿ ਸਲਾਹ ਕਰਦਿਆਂ, ਅਰਥਾਤ ਨਾਮ ਜਪਦਿਆਂ (ਗੁਰਮਤਿ ਨਾਮ ਰਸਨਾ ਮੁਖਾਰ ਦੁਆਰਾ ਜਪਦਿਆਂ) ਰਾਤ ਸੁਖ ਸੇਤੀ ਵਿਹਾਉਂਦੀ ਹੈ।

**ਸੱਚੇ ਅਨੰਦ ਦੀ ਅਵਸਥਾ :** ਆਨੰਦ, ਸਦਾ ਆਨੰਦ, ਸਦਾ ਅਸਥਿਰ ਰਹਿਣ ਵਾਲੇ ਆਨੰਦ ਦੀ ਪ੍ਰਾਪਤੀ ਭੀ ਗੁਰਮਤਿ ਨਾਮ ਜਪਣ ਕਰਕੇ ਹੀ ਹੁੰਦੀ ਹੈ। ਨਹੀਂ ਤਾਂ 'ਆਨੰਦੁ ਆਨੰਦੁ ਸਭੁ ਕੋ ਕਹੈ', ਹਰ ਕੋਈ ਕਹਿੰਦਾ ਫਿਰਦਾ ਹੈ ਬਈ ਬੜਾ ਆਨੰਦ ਆਇਆ। ਸੰਸਾਰੀ ਸੁਆਦਾਂ ਵਿਸ਼ਿਆਂ ਦਾ ਨਾਉਂ ਭੀ ਏਹਨਾਂ ਆਨੰਦ ਧਰ ਲਿਆ ਹੈ। ਸੰਸਾਰੀਆਂ ਅੰਦਰ ਆਨੰਦ ਇਕ ਆਮ ਪਰਚਲਤ ਕਹਾਵਤ ਹੋ ਗਈ ਹੈ। ਕਿਉਂ ਜੀ ਕੈਸੇ ਹੋ? ਤਕੜੇ ਹੋ? ਹਾਂ ਜੀ ਬੜੇ ਆਨੰਦ। ਕਹਿਣ ਮਾਤਰ ਤਾਂ ਇਉਂ ਬਥੇਰੇ ਅਨੰਦ ਅਨੰਦ ਕਹਿੰਦੇ ਫਿਰਦੇ ਹਨ।

ਅਸਲ ਅਨੰਦ ਦਾ ਘਰ ਬੜਾ ਦੂਰ ਹੈ। ਅਨੰਦ ਦੀ ਬਿਵਸਥਾ ਬੜੀ ਉੱਚੀ ਹੈ। ਇਹ ਗੱਲੀਂ ਬਾਤੀਂ ਨਹੀਂ ਜਾਣੀ-ਜਾਚੀ ਜਾ ਸਕਦੀ। 'ਆਨੰਦ ਗੁਰੂ ਤੇ ਜਾਣਿਆ' ਗੁਰਵਾਕ ਦੇ ਭਾਵ ਅਨੁਸਾਰ ਆਨੰਦ ਦਾ ਤੱਤ – ਅਨੰਦ, ਅਸਲ ਅਨੰਦ-ਮਈ-ਸਰੂਪ ਕੇਵਲ ਗੁਰੂ ਦੁਆਰਾ ਹੀ ਜਾਣਿਆ ਜਾ ਸਕਦਾ ਹੈ। ਨਿਗੁਰੇਪੁਣੇ ਚੋਂ ਨਿਕਲ ਕੇ ਅਤੇ ਗੁਰੂ ਵਾਲੇ ਸਨਮੁਖ, ਗੁਰਮੁਖ ਸਿਖ ਸਜ ਕੇ, ਅਤੇ ਗੁਰੂ ਦੁਆਰਾ ਨਾਮ ਪ੍ਰਾਪਤ ਕਰ ਕੇ ਅਤੇ ਗੁਰੂ ਸਨਮੁਖ, ਅਨਦਿਨ ਨਾਮ ਜਪ ਕੇ, ਨਾਮ ਦੀਆਂ ਅਭਿਆਸ ਕਮਾਈਆਂ ਕਰ ਕੇ ਹੀ ਪਾਇਆ ਜਾ ਸਕਦਾ ਹੈ। ਨਾਮ ਅਭਿਆਸੀ ਨੂੰ ਤਾਂ ਸਦਾ ਅਨੰਦ-ਖਿੜਾਉ, ਖਿਨ ਖਿਨ ਆਨੰਦ-ਮਗਨਤਾ ਰਹਿੰਦੀ ਹੈ। ਇਸ ਆਨੰਦ-ਮਗਨੜਾ ਦੀ ਅਹਿਲਾਦੀ ਮੰਜ਼ਲ ਵਿਖੇ ਪਹੁੰਚ ਕੇ ਭੀ ਨਾਮ ਅਭਿਆਸ ਜਾਰੀ ਹੀ ਰਹਿੰਦਾ ਹੈ, ਪ੍ਰਾਪਤ ਹੋਏ ਆਨੰਦ-ਅਹਿਲਾਦ ਦਾ ਸੁਆਦ ਨਾਮ ਦਾ ਖੰਡਾ ਦੂਣਾ ਤਿਗੂਣਾ ਖੜਕਾਉਂਦਾ ਹੈ। ਏਥੇ ਪੁੱਜ ਕੇ ਨਾਮ ਨਾ ਸਿਰਫ ਰਸਨਾ ਦੁਆਰਾ ਹੀ, ਬਲਕਿ ਰੋਮ ਰੋਮ ਦੁਆਰਾ ਉਚਾਰਨ ਹੁੰਦਾ ਹੈ, ਮਾਨੋ ਇਕ ਇਕ ਰੋਮ ਨੂੰ ਲੱਖ ਲੱਖ ਜਿਹਬਾ ਹੀ ਲੱਗ ਜਾਂਦੀਆਂ ਹਨ ਅਤੇ ਇਕ ਇਕ ਲੱਖ ਜਿਹਬੀ-ਰੋਮ ਦੁਆਰਾ ਲਖ ਲਖ ਗੇੜਾ ਨਾਮ ਦਾ ਜਾਪ ਹੋਈ ਜਾਣਾ ਇਕ ਸਹਿਜ-ਅਨੰਦੀ-ਖੇਡ ਹੋ ਜਾਂਦੀ ਹੈ ਅਤੇ ਲਿਵਤਾਰ ਲਗ ਜਾਂਦੀ ਹੈ, ਤਾਂ ਹੀ ਤਾਂ ਅਗਲੇਰੀ ਤੁਕ ਵਿਚ ਵਰਣਨ ਹੈ ਕਿ –

*ਵਾਹੁ ਵਾਹੁ ਕਰਤਿਆ ਹਰਿ ਸਿਉ ਲਿਵ ਲਾਇ॥੧॥੧੫॥*
*ਅੰਗ – ੫੧੪*

ਗੁਰਮੰਤਰ-ਸ਼ਬਦ-ਨਾਮ ਸਮ-ਅਰਥ ਹਨ ਰਸਨਾ ਅਤੇ ਮੁੱਖ ਦੁਆਰਾ ਉਚਾਰੇ ਜਾਣ ਕਰਿ ਹੀ ਗੁਰਮੰਤਰ ਗੁਰਮਤਿ ਨਾਮ ਨੂੰ ਗੁਰਬਾਣੀ ਅੰਦਰ ਗੁਰਸ਼ਬਦ ਕਰ ਕੇ ਉਚਾਰਨ ਕੀਤਾ ਜਾਂਦਾ ਹੈ। ਨਾਮ ਅਤੇ ਸ਼ਬਦ ਦਾ ਭਾਵ ਇਕੋ ਹੀ ਹੈ, ਜੈਸਾ ਇਸ ਗੁਰਵਾਕ ਦੇ ਭਾਵ ਤੋਂ ਸਪੱਸ਼ਟ ਹੈ –

*ਭਵਜਲੁ ਬਿਨੁ ਸਬਦੈ ਕਿਉ ਤਰੀਐ॥*
*ਨਾਮ ਬਿਨਾ ਜਗੁ ਰੋਗਿ ਬਿਆਪਿਆ ਦੁਬਿਧਾ ਡੁਬਿ ਡੁਬਿ ਮਰੀਐ॥੧॥ਰਹਾਉ॥੪॥੧॥੨॥ ਅੰਗ – ੧੧੨੫*

ਗੁਰਮੰਤਰ ਪ੍ਰਥਾਇ ਗੁਰਬਾਣੀ ਅੰਦਰ ਕਿਤੇ 'ਸ਼ਬਦ' ਵਰਤਿਆ ਜਾਂਦਾ ਹੈ ਕਿਤੇ 'ਨਾਮ'। ਪ੍ਰੰਤੂ ਤੱਤ ਭਾਵ ਦੋਹਾਂ ਦਾ ਇਕੋ ਹੀ ਹੈ। ਨਿਸ਼ਾਨਾ ਗੁਰਮੰਤਰ ਗੁਰਮਤਿ ਨਾਮ ਦਾ ਹੀ ਹੈ। ਪਹਿਲਾਂ ਬੈਖਰੀ ਬਾਣੀ ਦੁਆਰਾ ਹੀ ਨਾਮ ਜਪਣ ਦਾ ਤੋਰਾ ਤੁਰਦਾ ਹੈ, ਫੇਰ ਸੁਰਤਿ-ਸੁਆਸੀ-ਅਭਿਆਸ ਆਪੇ ਹੀ ਚਲ ਪੈਂਦਾ ਹੈ। ਸੁਰਤਿ-ਸੁਆਸੀ-ਅਭਿਆਸ ਕਰਦਿਆਂ ਹੋਇਆਂ ਭੀ ਰਸਨਾ ਦੁਆਰਾ 'ਰੂ' ਪ੍ਰਗਾਸੀ ਜਾਪ-ਜੁਗਤਿ ਦੀ ਅਤਿਸੈ ਕਰ ਕੇ ਲੋੜ ਰਹਿੰਦੀ ਹੈ। ਤਾਂ ਤੇ ਰਸਨਾ ਦੁਆਰਾ ਨਾਮ ਜਪਣ ਦੀ ਹਦ-ਬਾਨੁ ਕੋਈ ਨਹੀਂ ਕਿ ਸੁਰਤਿ-ਸੁਆਸੀ-ਜੁਗਤਿ ਬਣਿ ਆਉਣ ਕਰਿ ਰਸਨਾ ਦਾ ਜਾਪ ਮੁਕ

***(ਬਾਕੀ ਪੰਨਾ 26 'ਤੇ)***

# ਸ਼ਹੀਦੀ ਗੁਰੂ ਅਰਜਨ ਦੇਵ ਜੀ

*[ਭਾਈ ਗੁਰਦੇਵ ਸਿੰਘ ਗੌਹਰ ਜੀ]*

ਮੀਆਂ ਮੀਰ ਨੂੰ ਕਿਸੇ ਜਾ ਕਹਿਆ, ਕਹਿਰ ਵਰਤਦਾ ਏ ਕੀ ਜਹਾਨ ਉਤੇ।
ਦੋਸ਼ ਫਰਿਸ਼ਤਿਆਂ ਉਤੇ ਜਦ ਲਗ ਰਹੇ ਨੇ, ਮਿਹਰ ਕਰੂਗਾ ਕੌਣ ਇਨਸਾਨ ਉੱਤੇ।
ਚੌਂਹੀ ਪਾਸੀਂ ਸਰੀਰ ਦੇ ਅੱਗ ਬਲਦੀ, ਰੇਤ ਪਵੇ ਮਲੂਕੜੀ ਜਾਨ ਉਤੇ।
ਮਾਰ ਪਵੇ ਰੱਬਾਂ ਇਨ੍ਹਾਂ ਭੈੜਿਆਂ ਨੂੰ, ਦੋਸ਼ ਲਾਏ ਨੇ ਜਿਹਨਾਂ ਭਗਵਾਨ ਉਤੇ।
ਕਿਹੜੀ ਦੁਨੀਆਂ ਵਿੱਚ ਤੂੰ ਘੁੰਮ ਰਿਹੈਂ, ਕਿੱਥੇ ਗਿਆ ਓਹ ਅੱਜ ਪਿਆਰ ਤੇਰਾ।
ਹੁਣ ਜਾ ਕੇ ਆਪ ਤੂੰ ਖਬਰ ਕਰ ਲੈ, ਤੱਤੀਆਂ ਤਵੀਆਂ ਤੇ ਬੈਠਾ ਏ ਯਾਰ ਤੇਰਾ।

ਸੁਣਦੇ ਸਾਰ ਹੀ ਦਿਲ ਨੂੰ ਧੂ ਪੈ ਗਈ, ਅੱਖਾਂ ਸਾਹਮਣੇ ਹਨੇਰਾ ਛਾ ਗਇਆ।
ਢਿੱਲੇ ਸਾਰੇ ਸਰੀਰ ਦੇ ਅੰਗ ਹੋਏ, ਅੰਗ ਅੰਗ ਸਰੀਰ ਕੁਮਲਾ ਗਇਆ।
ਪੀਲਾ ਬਦਲ ਕੇ ਚਿਹਰੇ ਦਾ ਰੰਗ ਹੋਇਆ, ਸੁੱਕੀ ਕਲੀ ਦੇ ਵਾਂਗ ਮੁਰਝਾ ਗਇਆ।
ਇਹ ਕੀ ਪ੍ਰਮਾਤਮਾ ਸਾਡੇ ਤੇ ਵਖਤ ਪਾਇਆ, ਵੇਲਾ ਕਿਹਾ ਪ੍ਰਮਾਤਮਾ ਆ ਗਇਆ।
ਅੱਖਾਂ ਮੀਟ ਦਾਤਾਰ ਦਾ ਕਰ ਚੇਤਾ, ਕੁਝ ਚਿਰ ਲਈ ਅੰਤਰ ਧਿਆਨ ਹੋ ਗਏ।
ਗਲ ਪਾ ਪੱਲਾ, ਫੜੀ ਹੱਥ ਮਾਲਾ, ਗੁਰੂ ਬਾਬੇ ਵੱਲ ਰਵਾਨ ਹੋ ਗਏ।

ਦੂਰੋਂ ਦੇਖ ਦ੍ਰਿਸ਼ ਨੂੰ ਧਾ ਨਿਕਲੀ, ਨੀਰ ਅੱਖੀਆਂ ਵਿਚੋਂ ਬਹਿਣ ਲੱਗਾ।
ਅੱਖਾਂ ਪਥਰੀਆਂ ਬੰਦ ਜਬਾਨ ਹੋ ਗਈ, ਵੱਟ ਕਾਲਿਜੇ ਅੰਦਰ ਪੈਣ ਲੱਗਾ।
ਪ੍ਰੇਮ ਡੁਲ੍ਹਿਆ ਅੰਦਰੋਂ ਉੜਕਾਂ ਦਾ, ਆ ਚਰਨਾਂ ਉਤੇ ਢੈਣ ਲੱਗਾ।
ਚਰਨ ਪ੍ਰਸਿਆਂ ਕੁੱਝ ਜਾਂ ਸੁਰਤ ਸੰਭਲੀ, ਇਦਾਂ ਗੁਰੂ ਦਾ ਲਾਡਲਾ ਕਹਿਣ ਲੱਗਾ।
ਦਿਓ ਆਗਿਆ, ਗੁਰੂ ਜੀ ਬਲ ਬਖਸ਼ੋ, ਹੁਣੇ ਧਰਤ ਆਕਾਸ਼ ਹਿਲਾ ਦੇਵਾਂ।
ਜਹਾਂਗੀਰੀ ਤਖ਼ਤ ਨੂੰ ਕਰਾਂ ਉਲਟਾ, ਨਾਲ ਇਟੱ ਦੇ ਇਟੱ ਖੜਕਾ ਦੇਵਾਂ।

ਅਗੋਂ ਹੱਸ ਦਾਤਾਰ ਨੇ ਇਹ ਕਹਿਆ, ਕਿਉਂ ਨਹੀਂ ਆਪਣੇ ਗੁੱਸੇ ਨੂੰ ਮਾਰਦਾ ਤੂੰ।
ਲੱਖਾਂ ਔਕੜਾਂ ਪੈਂਦੀਆਂ ਜਾਨ ਉਤੇ, ਕਿਉਂ ਨਹੀ ਹੱਸ ਕੇ ਇਹ ਸਹਾਰਦਾ ਤੂੰ।
ਜਿਵੇਂ ਉਸ ਭਾਵੈ ਤਿਵੇਂ ਹੋਈ ਜਾਵੇ, ਭਾਣਾ ਮੰਨ ਲੈ ਉਸ ਕਰਤਾਰ ਦਾ।
ਤੈਨੂੰ ਪਤਾ ਨਹੀਂ ਇਹ ਸਭ ਕਿਉਂ ਹੋਵੇ, ਪੂਰੀ ਗੱਲ ਨਹੀਂ ਦਿਲੋਂ ਵਿਚਾਰਦਾ ਤੂੰ।
ਚੰਗੇ ਕੰਮ ਲਈ ਕਦੀ ਜੇ ਜਿੰਦ ਲਗੇ, ਫੇਰ ਜਿੰਦ ਦੇ ਨਾਲ ਪਿਆਰ ਕਾਹਦਾ।
ਜਿੰਨਾ ਕਰੋ ਛੇਤੀ ਉਨਾ ਹੋਊ ਛੇਤੀ, ਭਲੇ ਕੰਮ ਦੇ ਲਈ ਇੰਤਜ਼ਾਰ ਕਾਹਦਾ।

ਛਾਲੇ ਪਏ ਨੇ ਦੇਸ਼ ਦੇ ਦਿਲ ਉੱਤੇ, ਅੱਜ ਸਾਰੇ ਹੀ ਓਹ ਮਿਟਾ ਦਿਆਂਗਾ।
ਖੂਨ ਜੰਮਿਆਂ ਪਿਆ ਜਵਾਨੀਆਂ ਦਾ, ਅੱਜ ਸਾਰਾ ਹੀ ਓਹ ਗਰਮਾ ਦਿਆਂਗਾ।
ਕਿਵੇਂ ਸਚਾਈ ਦੀ ਹਰ ਥਾਂ ਜਿੱਤ ਹੁੰਦੀ, ਜ਼ਿੰਦਾ ਇਕ ਮਿਸਾਲ ਬਣਾ ਦਿਆਂਗਾ।
ਭੁੱਲੀ ਰਾਹ ਹੈ ਦੁਨੀਆਂ ਸ਼ਾਂਤੀ ਦਾ, ਓਹ ਸ਼ਾਂਤੀ ਰਾਹ ਦਿਖਾ ਦਿਆਂਗਾ।

ਅੱਜ ਸਿੱਖੀ ਦੀ ਇੱਥੇ ਇੱਟ ਧਰਤੀ, ਪੈਦਾ ਹੋਣਗੇ ਲਖਾਂ ਬਲਵਾਨ ਏਥੇ।
ਹੋਊ ਕਿਸ ਦਿਨ ਸਿਖਾਂ ਦਾ ਰਾਜ ਏਥੇ, ਝੁੱਲੂ ਕੇਸਰੀ ਦੀ ਨਿਸ਼ਾਨ ਏਥੇ।

ਮੀਆਂ ਮੀਰ ਤੂੰ ਫਿਕਰ ਨ ਕਰ ਬਹੁਤਾ, ਜੰਮਿਆ ਕੋਈ ਨਹੀਂ ਸਿੱਖੀ ਮਿਟਾਨ ਵਾਲਾ।
ਦਸਵੇਂ ਜਾਮੇ ਵਿੱਚ ਗੁਰੂ ਗੋਬਿੰਦ ਆਊ, ਬੱਚੇ ਨੀਹਾਂ ਵਿਚ ਚਿਨਵਾਨ ਵਾਲਾ।
ਅੰਮ੍ਰਿਤ ਛਕਾ ਕੇ ਸਿੱਖਾਂ ਨੂੰ ਸ਼ੇਰ ਕਰ ਦੂ, ਗੁਰੂ ਚੇਲਾ ਆਪ ਅਖਵਾਨ ਵਾਲਾ।
ਚੱਪੇ ਚੱਪੇ ਤੇ ਸੂਰਮਾ ਹੋਊ ਪੈਦਾ, ਬਿਨਾਂ ਸੀਸ ਤੋਂ ਖੰਡਾ ਖੜਕਾਂਣ ਵਾਲਾ।
ਇੰਨੀ ਕਹਿ ਕੇ ਰਾਵੀ ਅਲੋਪ ਹੋ ਗਏ, ਕਹਿੰਦੇ ਆਖਿਰੀ ਇਹ ਦੀਦਾਰ ਸਿੱਖੋ।
"ਗੌਹਰ" ਪੂਜਿਓ ਗੁਰੂ ਗ੍ਰੰਥ ਤਾਈਂ, ਕਰਿਓ ਬਾਣੀ ਦੇ ਨਾਲ ਪਿਆਰ ਸਿੱਖੋ।

---

*(ਪੰਨਾ 18 ਦੀ ਬਾਕੀ)*

ਝੂਠੀ ਮੂਠੀ ਦਾ ਖੇਲ ਨਹੀਂ ਸੀ, ਕਿਉਂਕਿ ਖਾਲਸੇ ਵਿਚ ਹੁਣ ਭੀ ਅਗੰਮੀ ਤੇਜ ਪਰਤਾਪ ਹੈ। ਦਸਮੇਸ਼ ਜੀ ਦੇ ਅੰਗ-ਸੰਗ ਰਹਿ ਕੇ ਅਤੇ ਉਹਨਾਂ ਤੋਂ ਮਗਰੋਂ ਖਾਲਸੇ ਨੇ ਉਹ ਕੁਝ ਕਰ ਵਿਖਾਇਆ ਹੈ, ਜੋ ਨਾਟਕੀ ਪਾਤਰ ਕਦੀ ਨਹੀਂ ਕਰ ਸਕਦੇ।

ਉਸ ਸਮੇਂ ਜਿਹੜੇ ਸਿੱਖ ਸੀਸ ਭੇਟ ਲਈ ਅੰਦਰੋਂ, ਤਾਂ ਤਿਆਰ ਸੀ, ਪਰ ਸਤਿਗੁਰਾਂ ਨੇ ਹੋਰ ਸੀਸ ਲੈਣੇ ਬੰਦ ਕਰ ਦਿੱਤੇ ਅਤੇ ਉਹਨਾਂ ਨੇ ਮਗਰੋਂ ਅੰਮ੍ਰਿਤ ਪਾਨ ਕੀਤਾ, ਉਹ ਤਾਂ ਸਨਮੁਖ ਜਾਂ ਗੁਰਮੁਖ ਅਖਵਾਏ। ਜਿਨ੍ਹਾਂ ਨੇ ਸੀਸ ਭੇਟਾ ਕਰ ਦਿੱਤਾ, ਉਹ ਫਿਰ ਗੁਰੂ ਕੇ ਪਿਆਰੇ ਅਖਵਾਏ। ਪਰ ਜਿਹੜੇ ਭੱਜ ਗਏ ਡਰਦੇ ਮਾਰੇ, ਜਾਂ ਜਿਨ੍ਹਾਂ ਨੇ ਸਤਿਗੁਰਾਂ ਦੀ ਸ਼ਾਨ ਦੇ ਖ਼ਿਲਾਫ ਕੁਝ ਕਿਹਾ ਜਾਂ ਜਿਹੜੇ ਅੰਮ੍ਰਿਤ ਛਕਣ ਤੋਂ ਸੰਕੋਚਦੇ ਰਹੇ, ਉਹ ਮਨਮੁਖ ਜਾਂ ਬੇਮੁਖ ਆਖੇ ਗਏ। ਪ੍ਰੇਮਾ ਭਗਤੀ ਮਾਰਗ ਦੀ ਪਉੜੀ ਦਾ ਪਹਿਲਾ ਡੰਡਾ ਹੀ ਇਹ ਹੈ, ਗੁਰੂ ਉਤੇ ਦ੍ਰਿੜ ਵਿਸ਼ਵਾਸ ਅਤੇ ਆਤਮ ਸਮਰਪਣ। ਜਿਹੜਾ ਆਪਣਾ ਆਪ ਗੁਰੂ ਦੇ ਅਰਪਣ ਨਹੀਂ ਕਰਦਾ, ਜਾਂ ਨਹੀਂ ਕਰ ਸਕਦਾ, ਉਹ ਇਸ ਮਾਰਗ ਤੇ ਚੱਲ ਹੀ ਨਹੀਂ ਸਕਦਾ।

ਮੁਕਦੀ ਗੱਲ ਇਹ ਹੈ ਕਿ ਉਪਰੋਕਤ ਨੌਂ ਪ੍ਰਕਾਰ ਦੀ ਭਗਤੀ, ਗੁਰੂ ਘਰ ਵਿਚ ਹੁਣ ਅੰਮ੍ਰਿਤ ਛੱਕ ਕੇ ਸਿਮਰਨ ਸੇਵਾ ਅਤੇ ਕੀਰਤਨ ਵਿਚ ਹੀ ਹੈ।

---

*(ਪੰਨਾ 24 ਦੀ ਬਾਕੀ)*

ਜਾਂਦਾ ਹੈ। ਜਿਸ ਜਿਸ ਆਤਮ-ਅਵਸਥਾ ਵਿਚ ਜਿਉਂ ਜਿਉਂ ਅਧਿਕ ਰਸਨਾ-ਜਾਪ ਹੋਵੇਗਾ ਤਿਉਂ ਤਿਉਂ ਅਧਿਕ ਤੋਂ ਅਧਿਕ ਇਸ ਦਾ ਆਨੰਦ ਆਵੇਗਾ ਅਤੇ ਪ੍ਰਕਾਸ਼-ਕਲਾਂ ਦਾ ਵਿਸਥਾਰ ਭੀ ਵਧ ਤੋਂ ਵਧ ਹੁੰਦਾ ਜਾਵੇਗਾ। ਤਦੇ ਤਾਂ ਅਗਲੇਰੀ ਤੁਕ ਦਸਦੀ ਹੈ ਕਿ 'ਵਾਹੁ ਵਾਹੁ ਕਰਤਿਆ ਹਰਿ ਪਾਇਆ ਸਹਜੇ ਗੁਰਮੁਖਿ ਭਾਲਿ' ਕਿ ਰਸਨਾ ਦੁਆਰਾ ਨਾਮ ਜਪਣ ਦੀ ਗਤਿ ਮਤਿ ਸਮਰਥਾ ਐਥੋਂ ਤਾਈਂ ਹੈ ਕਿ ਇਸ ਦੇ ਜਪਦਿਆਂ ਹਰੀ ਪ੍ਰਮਾਤਮਾ ਨੂੰ ਪਾ ਲਈਦਾ ਹੈ ਸਹਜੇ ਹੀ, ਪਰ ਗੁਰਮੁਖਿ ਭਾਲ ਦੁਆਰਾ। 'ਗੁਰਮੁਖਿ ਭਾਲਿ' ਦੇ ਗੂਹਜ-ਗੁਰਮਤੀ ਭਾਵ ਪਹਿਲੇ"ਹੀ ਬਿਸਥੀਰਨ ਹੋ ਚੁੱਕੇ ਹਨ। ਵਾਹੁ ਵਾਹੁ ਦੀ ਮਹਿਮਾ ਦਾ ਅਗਲੇਰਾ ਸਲੋਕ ਸਲਾਹੁਣ ਯੋਗ ਨਾਮੀ ਦੇ ਨਾਮ ਜਪਣ ਦੀ ਵਿਲੱਖਣ ਵਿਸ਼ੇਸ਼ਤਾ ਪ੍ਰਗਟ ਕਰਦਾ ਹੈ -

***ਵਾਹੁ ਵਾਹੁ ਤਿਸ ਨੋ ਆਖੀਐ ਜਿ ਸਚਾ ਗਹਿਰ ਗੰਭੀਰੁ॥***
***ਵਾਹੁ ਵਾਹੁ ਤਿਸ ਨੋ ਆਖੀਐ ਜਿ ਗੁਣ ਦਾਤਾ ਮਤਿ ਧੀਰੁ॥***
***ਵਾਹੁ ਵਾਹੁ ਤਿਸ ਨੋ ਆਖੀਐ ਜਿ ਸਭ ਮਹਿ ਰਹਿਆ ਸਮਾਇ॥***
***ਵਾਹੁ ਵਾਹੁ ਤਿਸ ਨੋ ਆਖੀਐ ਜਿ ਦੇਦਾ ਰਿਜਕੁ ਸਬਾਹਿ॥***
***ਨਾਨਕ ਵਾਹੁ ਵਾਹੁ ਇਕੋ ਕਰਿ ਸਾਲਾਹੀਐ ਜਿ ਸਤਿਗੁਰ ਦੀਆ ਦਿਖਾਇ॥੧॥੧੬॥*** ***ਅੰਗ - ੫੧੪-੧੫***

ਜਿਸ ਸਿਫਤ-ਸਲਾਹੁਣ-ਯੋਗ ਨਾਮੀ ਅਕਾਲ ਪੁਰਖ ਨੂੰ ਗੁਰਮਤਿ ਨਾਮ ਦੁਆਰਾ ਸਲਾਹੀਦਾ ਹੈ, ਉਹ ਏਤਨੀ ਵਿਸ਼ੇਸ਼ਤਾ ਵਾਲਾ ਹੈ ਤੇ ਉਹ ਸੱਚਾ ਗਹਿਰ ਗੰਭੀਰ ਹੈ, ਉਹ ਗੁਣ-ਦਾਤਾ ਮਤਿ ਧੀਰ ਹੈ। ਉਹ ਸਰਬ ਵਿਆਪਕ ਹੈ, ਉਹ ਸਰਬ ਪ੍ਰਤਿਪਾਲਕ ਹੈ, ਉਹ ਇਕ ਹੈ। ਉਹ ਸਤਿਗੁਰ ਦੁਆਰਾ ਗੁਰ ਪ੍ਰਸਾਦਿ ਕਰਕੇ ਹੀ, ਲਖਿਆ ਜਾਂਦਾ ਹੈ।

# ਅਰਜਨ ਕਾਇਆ ਪਲਟਿ ਕੈ ਮੂਰਤਿ ਹਰਿਗੋਬਿੰਦ ਸਵਾਰੀ

*(ਪ੍ਰਿ. ਕੁਲਦੀਪ ਸਿੰਘ ਜੀ)*

ਸਿੱਖ ਧਰਮ ਦੇ ਮਹਾਨ ਵਿਦਵਾਨ ਤੇ ਦਾਰਸ਼ਨਿਕ ਭਾਈ ਗੁਰਦਾਸ ਜੀ ਨੇ ਆਪਣੀ ਪਹਿਲੀ ਵਾਰ ਦੀ ਅਠਤਾਲੀਵੀਂ ਪਉੜੀ ਵਿੱਚ ਗੁਰੂ ਹਰਗੋਬਿੰਦ ਸਾਹਿਬ ਬਾਰੇ ਲਿਖਿਆ ਹੈ –

***ਪੰਜਿ ਪਿਆਲੇ ਪੰਜ ਪੀਰ ਛਠਮੁ ਪੀਰੁ ਬੈਠਾ ਗੁਰੁ ਭਾਰੀ॥***
***ਅਰਜਨ ਕਾਇਆ ਪਲਟਿ ਕੈ ਮੂਰਤਿ ਹਰਗੋਬਿੰਦ ਸਵਾਰੀ॥***

ਚਲੀ ਪੀੜ੍ਹੀ ਸੋਢੀਆਂ ਰੂਪ ਦਿਖਾਵਣਿ ਵਾਰੋ ਵਾਰੀ।

ਦਲ ਭੰਜਨ ਗੁਰ ਸੂਰਮਾ, ਵਡ ਜੋਧਾ ਬਹੁ ਪਰਉਪਕਾਰੀ।

'ਪੰਜ ਪਿਆਲੇ' ਤੋਂ ਭਾਵ ਹੈ ਪੰਜ ਸ਼ੁਭ ਗੁਣ – ਸਤਿ, ਸੰਤੋਖ, ਦਇਆ, ਧਰਮ ਤੇ ਧੀਰਜ।

'ਪੰਜ ਪੀਰ' ਦੇ ਅਰਥ ਹਨ ਗੁਰੂ ਨਾਨਕ ਸਾਹਿਬ ਤੋਂ ਗੁਰੂ ਅਰਜਨ ਸਾਹਿਬ ਤੱਕ ਹੋਏ ਪੰਜ ਸਤਿਗੁਰੂ।

'ਦਲ ਭੰਜਨ, ਗੁਰ ਸੂਰਮਾ, ਵਡ ਜੋਧਾ, ਬਹੁ ਪਰਉਪਕਾਰੀ' ਗੁਰੂ ਹਰਗੋਬਿੰਦ ਸਾਹਿਬ ਦੀਆਂ ਸਿਫਤਾਂ ਤੇ ਵਿਸ਼ੇਸ਼ਤਾਵਾਂ ਦੇ ਪ੍ਰਤੀਕ ਹਨ।

'ਅਰਜਨ ਕਾਇਆ ਪਲਟਿਕੈ ਮੂਰਤਿ ਹਰਗੋਬਿੰਦ ਸਵਾਰੀ' ਤੋਂ ਭਾਵ ਹੈ ਕਿ ਗੁਰੂ ਅਰਜਨ ਸਾਹਿਬ ਤੇ ਗੁਰੂ ਹਰਗੋਬਿੰਦ ਸਾਹਿਬ ਇਕੋ ਜੋਤ ਦੇ ਦੋ ਸਰੂਪ ਸਨ। ਸਰੀਰਾਂ ਵਿੱਚ ਹੀ ਭੇਦ ਸੀ, ਜੋਤ ਇਕੋ ਸੀ। ਜੋਤਿ ਭਾਵ ਆਤਮਾ ਸਦਾ ਸਜੀਵ ਰਹਿੰਦੀ ਹੈ, ਬਿਨਸਦਾ ਤਾਂ ਸਰੀਰ ਹੈ। ਇਸੇ ਤਰ੍ਹਾਂ ਸਿੱਖ ਗੁਰੂ ਸਾਹਿਬਾਨ ਦਸ ਜਾਮਿਆਂ ਵਿੱਚ ਸੰਸਾਰ ਦਾ ਉਧਾਰ ਕਰਨ ਹਿੱਤ ਸਮੇਂ ਸਮੇਂ ਆਏ, ਪਰ ਉਹਨਾਂ ਵਿੱਚ ਜੋਤਿ ਇਕੋ ਹੀ ਸੀ। ਜਦੋਂ ਵੀ ਗੁਰੂ ਨਾਨਕ ਸਾਹਿਬ ਦਾ ਨਵਾਂ ਉਤਰਾਧਿਕਾਰੀ ਗੁਰ-ਗੱਦੀ ਤੇ ਬਿਰਾਜਮਾਨ ਹੁੰਦਾ ਤਾਂ ਉਹ ਅਧਿਆਤਮਕ ਜਾਨਸ਼ੀਨੀ ਹੁੰਦਾ ਸੀ, ਜਿਸ ਤਰ੍ਹਾਂ ਗੁਰੂ ਨਾਨਕ ਸਾਹਿਬ ਦੀ ਆਤਮਾ ਤੇ ਸ਼ਬਦ ਨੇ ਲਹਿਣਾ ਜੀ ਵਿੱਚ ਪ੍ਰਵੇਸ਼ ਕਰ ਕੇ ਉਹਨਾਂ ਨੂੰ ਗੁਰੂ ਅੰਗਦ ਬਣਾ ਦਿੱਤਾ ਸੀ, ਉਸੇ ਤਰ੍ਹਾਂ ਅੱਗੋਂ ਗੁਰੂ ਅੰਗਦ ਸਾਹਿਬ ਨੇ ਆਪਣੀ ਜੋਤ ਗੁਰੂ ਅਮਰਦਾਸ ਜੀ ਵਿਚ ਪ੍ਰਵੇਸ਼ ਕਰਾ ਦਿੱਤੀ ਤੇ ਅੰਤ ਨੂੰ 'ਜੋਤਿ ਓਹਾ ਜੁਗਤਿ ਸਾਇ, ਸਹਿ ਕਾਇਆ ਫੇਰਿ ਪਲਟੀਐ' ਅਨੁਸਾਰ ਗੁਰੂ ਨਾਨਕ ਸਾਹਿਬ ਦੀ ਜੋਤ ਗੁਰੂ ਗੋਬਿੰਦ ਸਿੰਘ ਸਾਹਿਬ ਵਿਚ ਆ ਬਿਰਾਜੀ ਤੇ 'ਗੁਰੂ ਨਾਨਕ ਗੋਬਿੰਦ ਰੂਪ ਅਖਵਾਈ'। ਇਹ ਵਿਚਾਰ ਹਜ਼ੂਰ ਗੁਰੂ ਗੋਬਿੰਦ ਸਿੰਘ ਜੀ ਨੇ 'ਬਚਿੱਤ੍ਰ ਨਾਟਕ' ਵਿੱਚ ਇਸ ਤਰ੍ਹਾਂ ਪ੍ਰਗਟਾਏ ਹਨ –

*ਨਾਨਕ ਅੰਗਦ ਕੋ ਬਪੁ ਧਰਾ॥*
*ਧਰਮ ਪ੍ਰਚੁਰਿ ਇਹ ਜਗ ਮੋ ਕਰਾ॥*
*ਅਮਰਦਾਸ ਪੁਨਿ ਨਾਮੁ ਕਹਾਯੋ॥*
*ਜਨ ਦੀਪਕ ਤੇ ਦੀਪ ਜਗਾਯੋ॥*
*ਅਮਰਦਾਸ ਰਾਮਦਾਸ ਕਹਾਯੋ॥*
*ਸਾਧਨਿ ਲਖਾ ਮੂੜ ਨਹਿ ਪਾਯੋ॥*
*ਰਾਮਦਾਸ ਹਰਿ ਸੋ ਮਿਲ ਗਏ॥*
*ਗੁਰਤਾ ਦੇਤ ਅਰਜਨਹਿ ਭਏ॥*
*ਜਬ ਅਰਜਨ ਪ੍ਰਭ ਲੋਕ ਸਿਧਾਏ॥*
*ਹਰਿ ਗੋਬਿੰਦ ਤਿਹ ਨਾਂ ਠਹਿਰਾਏ॥*

ਇਸ ਕਥਨ ਅਨੁਸਾਰ ਕੇਵਲ ਨਾਮ ਹੀ ਬਦਲਦੇ ਰਹੇ, ਸਰੀਰਾਂ ਵਿਚ ਜੋਤਿ ਉਹੋ ਹੀ ਪ੍ਰਵੇਸ਼ ਹੁੰਦੀ ਰਹੀ। ਇਸੇ ਵਿਚਾਰ ਨੂੰ ਭਾਈ ਗੁਰਦਾਸ ਸਾਹਿਬ ਨੇ ਵਾਰ ੨੪ ਵਿਚ ਬੜੇ ਵਿਸਥਾਰ ਨਾਲ ਪ੍ਰਸਤੁਤ ਕਰ ਕੇ ਨਿਰਣਾਇਕ ਨਤੀਜਾ ਕਢਿਆ ਹੈ। ਆਪ ਪਉੜੀ ੫ ਵੀਂ ਵਿਚ ਗੁਰੂ ਤੇ ਚੇਲੇ ਦੇ ਪ੍ਰੇਮ ਦਾ ਵਰਨਣ ਕਰਦਿਆਂ ਲਿਖਦੇ ਹਨ ਕਿ ਗੁਰੂ ਚੇਲਾ ਤੇ ਚੇਲਾ ਗੁਰੂ ਹੋ ਗਿਆ, ਭਾਵ ਲਹਿਣਾ ਜੀ ਗੁਰੂ ਅੰਗਦ ਬਣ ਗਏ ਤੇ ਗੁਰੂ ਨਾਨਕ ਸਾਹਿਬ ਨੇ ਚੇਲੇ ਵਾਂਗ ਉਹਨਾ ਦੇ ਚਰਨਾਂ ਤੇ ਸੀਸ ਝੁਕਾਇਆ। ਗੁਰ ਚੇਲਾ ਚੇਲਾ ਗੁਰੂ, ਗੁਰ ਚੇਲੇ ਪਰਚਾ ਪਰਚਾਇਆ। ਅਗੇ ਪਉੜੀ ਅਠਵੀਂ ਵਿਚ ਹੋਰ ਸਪੱਸ਼ਟ ਕਰਦਿਆਂ ਲਿਖਿਆ, ਗੁਰੂ ਅੰਗਦੁ ਗੁਰ ਅੰਗ

ਤੇ ਅੰਮ੍ਰਿਤ ਬਿਰਖ ਅੰਮ੍ਰਿਤ ਫਲ ਫਲਿਆ। ਪਉੜੀ ੧੪ਵੀਂ ਵਿਚ ਇਸੇ ਵਿਚਾਰ ਨੂੰ ਅੱਗੇ ਤੋਰਦੇ ਲਿਖਿਆ ਹੈ -

*ਗੁਰ ਅਮਰਹੁ ਗੁਰੁ ਰਾਮਦਾਸ ਜੋਤੀ ਜੋਤਿ ਜਗਾਇ ਸੁਹਾਰਾ॥*
*ਸ਼ਬਦ ਸੁਰਤਿ ਗੁਰ ਸਿਖੁ ਹੋਇ ਅਨਹਦ ਬਾਣੀ ਨਿਝਰ ਧਾਰਾ॥*
*ਤਖਤੁ ਬਖਤੁ ਪਰਗਟ ਪਾਹਾਰਾ॥*

ਪਉੜੀ ੨੫ਵੀਂ ਵਿਚ ਭਾਈ ਸਾਹਿਬ ਨੇ ਗੁਰਮਤਿ ਦਾ ਮਹਾਨ ਸਿਧਾਂਤ ਸਪੱਸ਼ਟ ਕਰਦਿਆਂ ਹੋਇਆਂ ਦੱਸਿਆ ਕਿ ਅਸਲ ਗੁਰੂ ਤਾਂ 'ਗੁਰੂ ਸ਼ਬਦ' ਹੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਿੱਖਿਆ ਦਾ ਨਿਚੋੜ ਵੀ ਇਹ ਹੀ ਹੈ ਕਿ ਹਰਿ ਜਸ-ਕੀਰਤਨ ਕਰਦਿਆਂ ਸੁਰਤ ਵਿਚ ਸ਼ਬਦ ਨੂੰ ਇਸ ਤਰ੍ਹਾਂ ਲੀਨ ਕੀਤਾ ਜਾਵੇ ਕਿ 'ਸਚੁ' ਸਾਥੀ ਹੋ ਨਿਬੜੇ। ਫੁਰਮਾਨ ਹੈ -

*ਨਾਨਕ ਦਾਸੁ ਹਰਿ ਕੀਰਤਨਿ ਰਾਤਾ*
*ਸਬਦੁ ਸੁਰਤਿ ਸਚੁ ਸਾਖੀ॥੨॥*

ਗੁਰੂ ਸਰੀਰ ਦਾ ਨਹੀਂ, 'ਸ਼ਬਦ' ਦਾ ਨਾਂ ਹੈ। ਜਿਸ ਸ਼ਬਦ ਦਾ ਪ੍ਰਚਾਰ ਗੁਰੂ ਨਾਨਕ ਸਾਹਿਬ ਦੇ ਸਮੇਂ ਤੋਂ ਚੱਲ ਰਿਹਾ ਸੀ, ਉਸੇ ਸ਼ਬਦ ਦਾ ਪ੍ਰਚਾਰ ਹੀ ਗੁਰੂ ਹਰਗੋਬਿੰਦ ਸਾਹਿਬ ਨੇ ਆਪਣੇ ਜੀਵਨ-ਕਾਲ ਵਿਚ ਕੀਤਾ। ਜੋ ਸ਼ਬਦ ਗੁਰੂ ਨਾਨਕ ਸਾਹਿਬ ਨੇ ਸਾਧ-ਸੰਗਤ ਵਿਚ ਵਰਤਾਇਆ, ਉਸੇ ਸ਼ਬਦ ਤੇ ਸ਼ਬਦ ਦਾ ਜਾਪ ਕਰਨ ਵਾਲੀ ਸੰਗਤ ਦੀ ਰੱਖਿਆ ਗੁਰੂ ਹਰਗੋਬਿੰਦ ਸਾਹਿਬ ਨੇ ਕੀਤੀ। ਆਪ ਨੇ ਦੋ ਤਲਵਾਰਾਂ ਪਹਿਨੀਆਂ 'ਇਕ ਮੀਰੀ ਦੀ ਇਕ ਪੀਰੀ ਦੀ।' ਪੀਰੀ ਦੀ ਤਲਵਾਰ 'ਗੁਰੂ ਸ਼ਬਦ' ਹੀ ਤਾਂ ਸੀ।

ਆਮ ਤੌਰ ਤੇ ਜੋਧੇ, ਬੀਰ, ਬਹਾਦਰ ਪਰਉਪਕਾਰੀ ਨਹੀਂ ਹੁੰਦੇ, ਪਰ ਛੱਟਮ ਪੀਰ ਗੁਰੂ ਹਰਗੋਬਿੰਦ ਸਾਹਿਬ ਇਕੋ ਵੇਲੇ ਯੋਧੇ ਤੇ ਪਰਉਪਕਾਰੀ ਸਨ। ਜਦੋਂ ਉਹਨਾਂ ਦਾ ਪਾਲਿਆ ਹੋਇਆ ਪਠਾਨ ਪੈਂਦੇ ਖਾਂ ਲਾਲਚ ਤੇ ਹਉਮੈ ਵਿਚ ਆ ਕੇ ਉਹਨਾਂ ਦੇ ਹੀ ਟਾਕਰੇ ਤੇ ਆ ਖੜਾ ਹੋਇਆ ਤਾਂ ਵੱਡ ਯੋਧੇ, ਪਰ-ਉਪਕਾਰੀ ਗੁਰੂ ਨੇ ਪਹਿਲੋਂ ਉਸੇ ਨੂੰ ਵਾਰ ਕਰਨ ਲਈ ਕਿਹਾ। ਜਦ ਪੈਂਦੇ ਖਾਂ ਤਿੰਨ ਵਾਰ ਕਰਕੇ ਵੀ ਗੁਰੂ ਸਾਹਿਬ ਦਾ ਕੁੱਝ ਨਾ ਵਿਗਾੜ ਸਕਿਆ ਤਾਂ ਯੋਧੇ ਪਰਉਪਕਾਰੀ ਗੁਰੂ ਨੇ ਢਾਲ ਉਸ ਦੇ ਸਿਰ ਤੇ ਮਾਰੀ ਤਾਂ ਉਹ ਬੇਹੋਸ਼ ਹੋ ਕੇ ਡਿੱਗ ਪਿਆ ਤਾਂ ਗੁਰੂ ਜੀ ਘੋੜੇ ਤੋਂ ਉੱਤਰ ਕੇ ਹੇਠਾਂ ਆਏ ਤੇ ਕਿਹਾ, ਪੈਂਦੇ ਖਾਂ, ਪੜ੍ਹ ਕਲਮਾਂ, ਤੇਰਾ ਆਖਰੀ ਸਮਾਂ ਆ ਗਿਆ ਹੈ ਤੇ ਨਾਲ ਹੀ ਉਸ ਨੂੰ ਢਾਲ ਨਾਲ ਛਾਂ ਕੀਤੀ। ਤਾਂ ਪੈਂਦੇ ਖਾਂ ਥਿੜਕਦੇ ਹੋਏ ਬੋਲਾਂ ਵਿਚ ਕਹਿਣ ਲੱਗਾ ਸਤਿਗੁਰੂ, ਤੇਰੀ ਮਿਹਰ ਹੀ ਮੇਰਾ ਕਲਮਾ ਹੈ।

ਗੁਰੂ ਹਰਗੋਬਿੰਦ ਸਾਹਿਬ ਦੀ ਤਲਵਾਰ ਰਾਖੀ ਲਈ ਸੀ, ਕਿਸੇ ਜ਼ਾਤੀ ਗਰਜ਼ ਲਈ ਨਹੀਂ ਸੀ। ਆਪ ਅਧਿਆਤਮਕਤਾ ਦੇ ਭੰਡਾਰ ਸਨ, ਆਪ ਨੇ ਭਾਵੇਂ ਗੁਰਬਾਣੀ ਉਚਾਰੀ ਨਹੀਂ ਸੀ, ਪਰ ਜਦੋਂ ਵੀ ਉਪਦੇਸ਼ ਕਰਦੇ ਤਾਂ ਗੁਰਬਾਣੀ ਦੁਆਰਾ ਹੀ ਗੁਰਬਾਣੀ ਹੀ ਜੀਵਨ-ਅਧਾਰ ਅਤੇ ਮੋਖ-ਮੁਕਤੀ ਦਾ ਸਾਧਨ ਦਸਦੇ। ਆਪ ਜੀ ਨੂੰ ਭਾਵੇਂ ਸਾਮਰਾਜ ਸ਼ਾਹੀ ਵਿਰੁੱਧ ਚਾਰ ਲੜਾਈਆਂ ਲੜਨੀਆਂ ਪਈਆਂ, ਪਰ ਆਪ ਨੇ ਪ੍ਰਚਾਰ ਦੇ ਕਾਰਜਾਂ ਨੂੰ ਕਦੇ ਵੀ ਢਿੱਲਾ ਨਾ ਪੈਣ ਦਿੱਤਾ। ਉਹਨਾਂ ਆਪਣੇ ਵੱਡੇ ਪੁੱਤਰ ਬਾਬਾ ਗੁਰਦਿੱਤਾ ਜੀ ਨੂੰ ਨਿਰੋਲ ਸਿੱਖ ਧਰਮ ਦੇ ਪ੍ਰਚਾਰ ਲਈ ਹੀ ਲਗਾ ਰੱਖਿਆ ਸੀ। ਕੀਰਤਪੁਰ ਪੁੱਜ ਕੇ ਆਪ ਨੇ ਦੇਸ਼ ਦੇ ਅੱਡ ਅੱਡ ਹਿੱਸਿਆਂ ਵਿਚ ਪ੍ਰਚਾਰਕ ਭੇਜਣ ਲਈ ਚਾਰ ਧੂਣੀਆਂ ਨੀਯਤ ਕੀਤੀਆਂ। ਬਾਬਾ ਹਸਨਾ, ਬਾਬਾ ਗੱਦਾ, ਤੇ ਬਾਬਾ ਅਲਮਸਤ ਨੇ ਆਪ ਦੇ ਕਹੇ ਅਨੁਸਾਰ ਪ੍ਰਸੰਸਾ ਯੋਗ ਢੰਗ ਨਾਲ ਪ੍ਰਚਾਰ ਕੀਤਾ। ਗੁਰੂ ਹਰਗੋਬਿੰਦ ਸਾਹਿਬ ਨੇ ਵੀ ਉਨ੍ਹਾਂ ਆਦਰਸ਼ਾਂ ਦਾ ਹੀ ਪ੍ਰਚਾਰ ਕੀਤਾ ਜੋ ਉਹਨਾਂ ਤੋਂ ਪਹਿਲਾਂ ਹੋਏ ਪੰਜ ਗੁਰੂ ਸਾਹਿਬਾਨ ਨੇ ਕੀਤਾ ਸੀ। ਗੁਰੂ ਹਰਗੋਬਿੰਦ ਸਾਹਿਬ ਨੇ ਮੀਰੀ ਤੇ ਪੀਰੀ ਦੀਆਂ ਦੋ ਤਲਵਾਰਾਂ ਪਹਿਨ ਕੇ, ਆਪਣੇ ਲਈ ਕੋਈ ਇਲਾਕੇ ਨਹੀਂ ਹਥਿਆਏ ਆਪਣੀ ਕੋਈ ਨਿੱਜੀ ਜਾਇਦਾਦ ਨਹੀਂ ਬਣਾਈ, ਸਿਰਫ਼ ਲੋਕਾਂ ਨੂੰ ਜ਼ੁਲਮ ਦਾ ਟਾਕਰਾ ਕਰਨ ਦੀ ਜਾਚ ਸਿਖਾਈ। ਉਨ੍ਹਾਂ ਅੰਦਰ ਸਵੈਮਾਨ ਦੀ ਭਾਵਨਾ ਜਗਾਈ। ਲੜਾਈਆਂ ਵੀ ਉਨ੍ਹਾਂ ਆਪ ਨਹੀਂ ਲੜੀਆਂ; ਸਗੋਂ ਜਦੋਂ ਉਨ੍ਹਾਂ ਦੇ ਗਲੇ ਆ ਪਈਆਂ ਤਾਂ ਉਨ੍ਹਾਂ ਸੂਰਬੀਰ ਯੋਧਿਆਂ ਵਾਂਗ ਡੱਟ ਕੇ ਟਾਕਰਾ ਕੀਤਾ ਤੇ ਚਾਰੇ ਹੀ ਲੜਾਈਆਂ ਜਿੱਤ ਕੇ ਸੰਸਾਰ ਨੂੰ ਇਹ ਵਿਖਾ ਦਿੱਤਾ ਕਿ ਜ਼ਾਤੀ ਤੇ ਕੌਮੀ ਅਣਖ ਲਈ ਜੇ ਔਕੜਾਂ, ਮੁਸ਼ਕਿਲਾਂ ਨਾਲ ਜੂਝਣਾ ਪਵੇ ਤਾਂ ਡੱਟ ਕੇ ਟਾਕਰਾ ਕਰਨਾ ਹੀ ਉਚਿਤ ਹੈ।

ਆਪ ਦੀ ਤਲਵਾਰ ਕੇਵਲ ਸ਼ਕਤੀ ਦਾ ਹੀ ਚਿੰਨ੍ਹ ਨਹੀਂ ਸੀ, ਭਗਤੀ ਦਾ ਪ੍ਰਤੀਕ ਵੀ ਸੀ। ਇਸ ਨਾਲ ਉਨ੍ਹਾਂ ਗੁਰੂ ਨਾਨਕ ਸਾਹਿਬ ਦੇ ਵਿਖਾਏ ਰਸਤੇ ਨੂੰ ਹੀ ਮੂਰਤੀਮਾਨ ਕੀਤਾ। ਧਰਮ ਦੀ ਰੱਖਿਆ ਲਈ ਜੋ ਬੀਜ ਗੁਰੂ ਨਾਨਕ ਸਾਹਿਬ ਨੇ ਬੀਜਿਆ ਸੀ ਉਹ ਹੁਣ ਵੱਧ ਫੁਲ ਕੇ ਰੁੱਖ ਬਣ ਚੁੱਕਾ ਸੀ, ਜੋ ਦੀਨਾਂ, ਕਮਜ਼ੋਰਾਂ ਅਤੇ ਲਿਤਾੜੇ ਹੋਇਆਂ ਨੂੰ ਆਪਣੀ ਛਾਂ ਥੱਲੇ ਪਨਾਹ ਦੇਣ ਯੋਗ ਹੋ ਗਿਆ ਸੀ। ਗੁਰੂ ਨਾਨਕ ਸਾਹਿਬ ਨੇ ਬਾਬਰ ਨੂੰ ਜਾਬਰ ਕਹਿਣ ਦੀ

ਦਲੇਰੀ ਕੀਤੀ ਸੀ। ਉਸ ਦੀ ਫ਼ੌਜ ਨੂੰ 'ਪਾਪ ਦੀ ਜੰਵ' ਕਹਿਣ ਦਾ ਸਾਹਸ ਕੀਤਾ ਸੀ। ਉਸ ਨੂੰ ਜੋਰੀ ਦਾਨ ਮੰਗਣ ਵਾਲਾ ਜਰਵਾਣਾ ਕਹਿਣ ਦੀ ਜੁਅਰਤ ਕੀਤੀ ਸੀ, ਉਸ ਨੂੰ ਹਿੰਦੁਸਤਾਨ ਤੇ ਆਕਰਮਣ ਕਰਨ ਵਾਲਾ ਜੱਮ ਕਿਹਾ ਸੀ। ਜੇਕਰ ਮੀਰੀ-ਪੀਰੀ ਦੇ ਮਾਲਕ ਗੁਰੂ ਹਰਗੋਬਿੰਦ ਸਾਹਿਬ ਨੇ ਦੇਸ਼-ਵਾਸੀਆਂ ਅੰਦਰ ਜ਼ੁਲਮ ਵਿਰੁੱਧ ਖੜੇ ਹੋਣ ਦਾ ਸਾਹਸ ਪੈਦਾ ਕੀਤਾ, ਉਹਨਾਂ ਨੂੰ ਸਵੈਮਾਨ ਲਈ ਜੂਝਣ ਦਾ ਢੰਗ ਸਿਖਾਇ ਆਤੇ ਬਦੋ-ਬਦੀ ਗਲ ਪਈਆਂ ਲੜਾਈਆਂ ਨੂੰ ਮਰਦੇ ਮੈਦਾਨ ਬਣ ਕੇ ਲੜਿਆ ਤੇ ਜਿੱਤਿਆ ਤਾਂ ਉਹਨਾਂ ਉਹੋ ਹੀ ਕਾਰਜ ਕੀਤਾ ਜੋ ਗੁਰੂ ਨਾਨਕ ਸਾਹਿਬ ਨੇ ਧਰਮ ਰਾਹੀਂ ਪ੍ਰਚਾਰਿਆ ਸੀ। ਉਨ੍ਹਾਂ ਨੇ 'ਭਗਤੀ ਤੇ ਸ਼ਕਤੀ', 'ਤਲਵਾਰ ਤੇ ਤਸਬੀ', 'ਮਾਲਾ ਤੇ ਭਾਲਾ' ਦਾ ਸੁਮੇਲ ਕਰਕੇ ਦੇਸ਼-ਵਾਸੀਆਂ ਅੰਦਰ ਸਾਹਸ ਪੈਦਾ ਕੀਤਾ।

ਜਿਹੜੇ ਵਿਚਾਰਵਾਨ ਇਹ ਪੱਖ ਲੈਂਦੇ ਹਨ ਕਿ ਗੁਰੂ ਹਰਗੋਬਿੰਦ ਸਾਹਿਬ ਨੇ ਪਹਿਲੇ ਪੰਜ ਗੁਰੂ ਸਾਹਿਬਾਨ ਵਾਂਗ ਬਾਣੀ ਨਹੀਂ ਉਚਾਰੀ, ਉਹ ਭੁੱਲ ਜਾਂਦੇ ਹਨ ਕਿ ਬਾਣੀ ਦੇ ਦੱਸੇ ਮਾਰਗ ਉੱਤੇ ਚਲਣਾ ਵੀ ਉਤਨਾ ਹੀ ਮਹੱਤਵਪੂਰਨ ਹੈ, ਜਿਤਨਾ ਕਿ ਬਾਣੀ ਉਚਾਰਨਾ। ਗੁਰੂ ਹਰਗੋਬਿੰਦ ਸਾਹਿਬ ਨੇ ਸਮੁੱਚਾ ਜੀਵਨ ਬਾਣੀ ਦੇ ਦੱਸੇ ਮਾਰਗ 'ਤੇ ਚੱਲ ਕੇ ਸਫ਼ਲਤਾ ਨਾਲ ਗੁਜ਼ਾਰਿਆ। ਸਿੱਖੀ ਇਕ ਸਫ਼ਲ ਜੀਵਨ ਜਾਂਚ ਹੈ, ਜੋ ਬੜੀ ਸਫ਼ਲਤਾ ਨਾਲ ਗੁਰੂ ਹਰਗੋਬਿੰਦ ਸਾਹਿਬ ਨੇ ਆਪਣੇ ਜੀਵਨ ਵਿੱਚ ਢਾਲੀ।ਇਹੋ ਹੀ ਕਾਰਨ ਹੈ ਕਿ ਮੁਹਸਨ ਫ਼ਾਨੀ ਦੇ ਕਹੇ ਅਨੁਸਾਰ ਸੱਚ ਦੇ ਊਡਾਊ ਤੇ ਰੱਬੀ-ਰਾਹ ਤੇ ਪਾਂਧੀ ਈਰਾਨ, ਅਰਬ, ਤੁਰਕਸਤਾਨ ਤੇ ਹਿੰਦੁਸਤਾਨ ਦੇ ਕੋਨੇ ਕੋਨੇ ਤੇ ਆਪ ਜੀ ਪਾਸ ਉਹ ਸੁਚੱਜੀ ਜੀਵਨ-ਜਾਚ ਸਿੱਖਣ ਆਉਂਦੇ ਸਨ। ਗੁਰੂ ਸਾਹਿਬ ਦੇ ਦਿਲ ਵਿਚ ਗੁਰਬਾਣੀ ਲਈ ਇਤਨਾ ਸਤਿਕਾਰ ਸੀ ਕਿ ਜਪੁਜੀ ਦਾ ਸ਼ੁੱਧ ਪਾਠ ਸੁਣਾਉਣ ਤੇ ਭਾਈ ਗੁਪਾਲਾ ਜੀ ਨੂੰ ਕਥਿਤ ਗੁਰ-ਇਤਹਾਸ ਅਨੁਸਾਰ ਗੁਰ-ਗੱਦੀ ਸੌਂਪਣ ਲਈ ਤਿਆਰ ਹੋ ਗਏ।

ਗੁਰੂ ਹਰਗੋਬਿੰਦ ਸਾਹਿਬ ਫਕੀਰੀ ਤੇ ਅਮੀਰੀ ਦਾ ਮੁਜੱਸਮਾ ਸਨ। ਭਾਈ ਨੰਦ ਲਾਲ ਜੀ ਆਪ ਬਾਬਤ ਲਿਖਦੇ ਹਨ 'ਦੋ ਆਲਮ ਮੁਨੱਵਰ ਜ਼ਿ ਅਨਵਾਰਿ ਊ॥ ਹਮਾ ਤਿਸ਼ਨਾਇ ਫੈਜ਼ਿ ਦੀਦਾਰ ਊ॥' (ਗੰਜਨਾਮਾ, ਅੰਕ ੮੫) ਭਾਵ ਆਪ ਦੇ ਨੂਰ ਨਾਲ ਦੋਵੇਂ ਜਹਾਨ ਰੌਸ਼ਨ ਹਨ। ਸਾਰੇ ਆਪ ਦੇ ਦਰਸ਼ਨਾਂ ਦੀ ਬਖ਼ਸ਼ਸ਼ ਦੇ ਪਿਆਸੇ ਹਨ।

ਗੁਰੂ ਸਾਹਿਬ ਇਕ ਮਹਾਨ ਕੌਮੀ ਉਸਰਈਏ ਸਨ। ਜਿਨ੍ਹਾਂ ਹਾਲਾਤਾਂ ਵਿੱਚ ਉਨ੍ਹਾਂ ਨੇ ਗੁਰ-ਗੱਦੀ ਸੰਭਾਲੀ, ਉਹ ਐਸੇ ਸਨ ਕਿ ਕੋਈ ਮਾਮੂਲੀ ਵਿਅਕਤੀ ਜਬਰ-ਜ਼ੁਲਮ ਦੇ ਸਾਹਮਣੇ ਖੜਾ ਹੋਣ ਦਾ ਸਾਹਸ ਨਹੀਂ ਸੀ ਕਰ ਸਕਦਾ। ਗੁਰੂ ਅਰਜਨ ਸਾਹਿਬ ਦੀ ਅਸਹਿ ਤੇ ਅਕਹਿ ਤਸੀਹੇ ਦੇ ਕੇ ਕੀਤੀ ਸ਼ਹੀਦੀ ਪਿਛੋਂ ਕੇਵਲ ਗਿਆਰਾਂ ਸਾਲ ਦੇ ਬਾਲਕ-ਗੁਰੂ ਦਾ ਆਪਣੇ ਪੈਰਾਂ ਉੱਤੇ ਖਲੋ ਜਾਣਾ ਕੋਈ ਮਮੂਲੀ ਜਿਹਾ ਵਾਕਿਆ ਨਹੀਂ। ਆਪ ਨੇ ਦੋ ਤਲਵਾਰਾਂ ਪਹਿਨੀਆਂ, ਚੰਗੇ ਸ਼ਸ਼ਤਰ ਤੇ ਚੰਗੀ ਜਵਾਨੀ ਭੇਟ ਮੰਗੀ, ਅਕਾਲ ਤਖਤ ਦੀ ਰਚਨਾ ਕੀਤੀ, ਲੋਹਗੜ੍ਹ ਕਿਲੇ ਦੀ ਉਸਾਰੀ ਕੀਤੀ, ਫੌਜਾਂ ਰੱਖੀਆਂ, ਸਸ਼ਤਰ ਇਕੱਠੇ ਕੀਤੇ, ਸ਼ਿਕਾਰ ਖੇਡਣ ਜਾਂਦੇ, ਨਗਾਰੇ ਵਜਾਂਦੇ, ਫੌਜੀ ਕਰਤਬਾਂ ਦੀ ਸਿਖਲਾਈ ਆਪ ਲੈਂਦੇ ਤੇ ਸਿੱਖਾਂ ਨੂੰ ਦੁਆਉਂਦੇ। ਇਹ ਸਭ ਐਸੇ ਕਰਮ ਸਨ, ਜਿਨ੍ਹਾਂ ਨਾਲ ਕੌਮ ਵਿਚ ਚੜ੍ਹਦੀ ਕਲਾ ਦਾ ਜਜ਼ਬਾ ਪੈਦਾ ਹੋ ਗਿਆ। ਆਪ ਨੇ ਨਿੱਤ ਦੇ ਪ੍ਰੋਗਰਾਮ ਕੁੱਝ ਇਸ ਤਰ੍ਹਾਂ ਉਲੀਕੇ ਕਿ ਆਮ ਲੋਕਾਂ ਵਿੱਚ ਉਤਸ਼ਾਹ ਬਣਿਆ ਰਹੇ। ਆਪਨੇ ਢਾਢੀਆਂ ਨੂੰ ਜੰਗੀ ਵਾਰਾਂ ਸੁਣਾਉਣ ਲਈ ਪ੍ਰੇਰਨਾ ਦਿੱਤੀ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਈਆਂ ਵਾਰਾਂ ਦੀਆਂ ਧੁਨੀਆਂ ਵੀ ਯੋਧਿਆਂ ਦੀਆਂ ਧੁਨੀਆਂ ਉੱਤੇ ਚੜ੍ਹਾਈਆਂ। ਇਸ ਤੋਂ ਪ੍ਰੇਰਨਾ ਲੈ ਕੇ ਸਿੱਖ-ਸੰਗਤਾਂ ਹਜ਼ਾਰਾਂ ਦੀ ਸੰਖਿਆਂ ਵਿਚ ਗੁਰੂ ਦਰਬਾਰ ਵਿਚ ਹਾਜ਼ਰ ਹੁੰਦੀਆਂ, ਦਰਸ਼ਨ-ਦੀਦਾਰੇ ਕਰਦੀਆਂ, ਗੁਰੂ ਜੀ ਦੀ ਸਖਸ਼ੀਅਤ ਤੋਂ ਪ੍ਰਭਾਵਤ ਹੋ ਕੇ ਜਵਾਨ ਆਪਣੀਆਂ ਜਵਾਨੀਆਂ ਭੇਟ ਕਰਦੇ। ਗੁਰਸਿੱਖਾਂ ਦਾ ਗੁਰੂ ਜੀ ਉੱਤੇ ਵਿਸ਼ਵਾਸ਼ ਤੇ ਬੇਮਿਸਾਲ ਸਿਦਕ ਇਤਨਾ ਸੀ ਕਿ ਦੋ ਵੇਲੇ ਦੀ ਰੋਟੀ ਤੇ ਛੇ ਮਹੀਨੇ ਪਿਛੋਂ ਇਕ ਕੁੜਤੇ ਤੋਂ ਸਿਵਾ ਉਹਨਾਂ ਦੀ ਕੋਈ ਮੰਗ ਨਹੀਂ ਸੀ ਹੁੰਦੀ। ਇਸ ਤਰ੍ਹਾਂ ਆਪ ਜੀ ਦੀ ਚੁੰਬਕੀ-ਸਖਸ਼ੀਅਤ ਨਾਲ ਕੌਮ ਦਾ ਹਰ ਵਰਗ ਉਹਨਾਂ ਵੱਲ ਖਿਚਿਆਂ ਤੁਰਿਆ ਆਉਣ ਲੱਗਾ। ਇਹ ਆਪ ਜੀ ਦੀ ਸਖਸ਼ੀਅਤ ਦਾ ਹੀ ਕਮਾਲ ਸੀ ਕਿ ਭਾਈ ਬਿਧੀ ਚੰਦ ਵਰਗਾ ਜੰਗਜੂ-ਸੂਰਮਾ ਜਦ ਤੱਕ ਲੜਾਈਆਂ ਸਨ, ਗੁਰੂ ਜੀ ਦੀ ਫੌਜ ਵਿੱਚ ਰਹਿ ਕੇ ਲੜਾਈਆਂ ਲੜਦਾ ਰਿਹਾ, ਪਰ ਜਦ ਜੰਗਾਂ ਦਾ ਸਮਾਂ ਟਲ ਗਿਆ ਤਾਂ ਗੁਰੂ ਜੀ ਨੇ ਉਸ ਨੂੰ ਪ੍ਰਚਾਰਕ ਬਣਾ ਕੇ ਅਯੁਧਿਆ ਪ੍ਰਦੇਸ਼ ਵਿੱਚ ਭੇਜ ਦਿੱਤਾ।

ਗੁਰੂ ਸਾਹਿਬ ਸ਼ਸ਼ਤਰ-ਵਿਦਿਆ ਵਿਚ ਤਾਂ ਛੋਟੀ ਉਮਰੇ ਹੀ ਪ੍ਰਬੀਨ ਹੋ ਗਏ ਸਨ, ਪਰ ਆਪ ਜੰਗੀ-ਨੀਤੀ ਵਿਚ ਵੀ ਬਹੁਤ ਨਿਪੁੰਨ ਸਨ। ਹਰ ਸ਼ਸ਼ਤਰ ਵਿਧੀ-ਪੂਰਵ ਚਲਾ ਸਕਦੇ ਸਨ। ਤਲਵਾਰ-ਜ਼ਨੀ ਤੇ ਤੀਰ-ਅੰਦਾਜ਼ੀ ਵਿੱਚ ਉਹ ਅਚੂਕ ਸੂਰਬੀਰ ਸਨ, ਤੇ ਘੋੜ-ਸਵਾਰੀ ਵਿਚ ਤਾਂ ਉਨਾਂ ਦਾ ਕੋਈ ਸਾਨੀ ਹੀ ਨਹੀਂ ਸੀ। ਆਪ ਨੇ ਫੌਜਾਂ ਦੇ ਸਿਰਮੌਰ ਜਰਨੈਲ ਹੋਣ ਦੇ ਨਾਤੇ ਹਰ ਸਮੇਂ ਬੜੀ ਸੂਝ ਬੂਝ

ਤੇ ਠੰਡੇ ਜਿਗਰੇ ਨਾਲ, ਮੌਕੇ ਦੀ ਨਜ਼ਾਕਤ ਨੂੰ ਵੇਖਦਿਆਂ ਆਪਣੀਆਂ ਫੌਜਾਂ ਨੂੰ ਸੁਯੋਗ ਅਗਵਾਈ ਦਿੱਤੀ। ਪਹਿਲੀ ਲੜਾਈ ਸਮੇਂ ਘਰ ਵਿਚ ਬੀਬੀ ਵੀਰੋ ਦੀ ਸ਼ਾਦੀ ਦੀਆਂ ਤਿਆਰੀਆਂ ਹੋ ਰਹੀਆਂ ਸਨ ਤਾਂ ਅਚਾਨਕ ਮੁਗਲ ਫੌਜਾਂ ਨੇ ਹੱਲਾ ਕਰ ਦਿੱਤਾ, ਪਰ ਉਨ੍ਹਾਂ ਨੇ ਆਪਣਾ ਮਾਨਸਿਕ ਸੰਤੁਲਨ ਕਾਇਮ ਰੱਖਿਆ। ਆਪ ਨੇ ਸਿੱਖ ਫੌਜਾਂ ਦੇ ਆਗੂ ਭਾਈ ਭਾਨਾ ਜੀ ਨੂੰ ਇਕ ਵਾਰੀ ਕਿਹਾ ਸੀ, ਆਪਣੇ ਘਰ ਦੇ ਨੇੜੇ ਜੰਗ ਕਰਨਾ ਜੰਗ-ਨੀਤੀ ਦੇ ਅਨੁਕੂਲ ਨਹੀਂ ਹੁੰਦਾ, ਆਬਾਦੀ ਦੇ ਨੇੜੇ ਲੜਨ ਨਾਲ ਘਰ-ਘਾਟ ਤਬਾਹ ਹੋ ਜਾਂਦੇ ਹਨ ਅਤੇ ਆਮ ਵਸੋਂ ਦਾ ਨੁਕਸਾਨ ਹੋ ਜਾਂਦਾ ਹੈ। ਹਨੇਰਾ ਹੋ ਜਾਣ ਵੇਲੇ ਆਪਣੇ ਹੀ ਬੰਦੇ ਆਪਣੇ ਕੋਲੋਂ ਮਾਰੇ ਜਾਂਦੇ ਹਨ। ਉਹ ਇਹ ਵੀ ਕਿਹਾ ਕਰਦੇ ਸਨ ਕਿ ਜੰਗ ਗੁਰੂ ਵੇਲੇ ਸਭ ਤੋਂ ਚੰਗੀ ਨੀਤੀ ਹਮਲਾ ਕਰਨ ਦੀ ਹੁੰਦੀ ਹੈ, ਰੱਖਿਆ ਦੀ ਨਹੀਂ। ਪਹਿਲੋਂ ਵਾਰ ਕਰਨ ਵਾਲਾ ਸਦਾ ਲਾਹੇ ਵਿਚ ਰਹਿੰਦਾ ਹੈ। ਫੌਜੀ ਜਰਨੈਲ ਹੁੰਦਿਆਂ ਹੋਇਆਂ ਨੈਤਿਕਤਾ, ਸਦਭਾਵਨਾ ਤੇ ਆਚਰਣ ਦੀ ਉੱਚਤਾ ਨੂੰ ਸਦਾ ਯਾਦ ਰੱਖਿਆ। ਇਹ ਗੁਣ ਨਾ ਉਨ੍ਹਾਂ ਆਪ ਤਿਆਗੇ ਨਾ ਆਪਣੇ ਸਿੱਖਾਂ ਨੂੰ ਤਿਆਗਣੇ ਦੱਸੇ। ਸਾਹਿਬ ਸਦਾ ਕਿਹਾ ਕਰਦੇ ਸਨ, ਲੜਾਈ ਦੇ ਮੈਦਾਨ ਵਿਚ ਡਿੱਗੇ ਹੋਏ, ਸ਼ਸਤਰਹੀਨ, ਬਾਲਕ, ਬਿਰਧ, ਇਸਤ੍ਰੀ, ਰੋਗੀ ਤੇ ਸਰਨ ਆਏ ਉਤੇ ਕਦੇ ਵਾਰ ਨਾ ਕਰੋ। ਐਸਾ ਕਰਨ ਨਾਲ ਤੇਜ਼ ਪ੍ਰਤਾਪ ਨਸ਼ਟ ਹੋ ਜਾਏਗਾ।

ਭਾਈ ਗੁਰਦਾਸ ਜੀ ਦੇ ਕਹੇ ਅਨੁਸਾਰ ਗੁਰੂ ਸਾਹਿਬ 'ਬਹੁ ਪਰਉਪਕਾਰੀ' ਸਨ। ਸਬਰ, ਸੰਤੋਖ, ਸਹਿਨਸ਼ੀਲਤਾ, ਸੰਜਮ ਤੇ ਸਦਭਾਵਨਾ ਉਨ੍ਹਾਂ ਦੇ ਮੁੱਖ ਗੁਣ ਸਨ। ਆਪ ਹਰ ਜਾਤੀ, ਹਰ ਧਰਮ, ਹਰ ਵਿਅਕਤੀ ਨਾਲ ਪਿਆਰ ਕਰਦੇ ਸਨ। ਕਿਸੇ ਨਾਲ ਈਰਖਾ, ਸਾੜਾ, ਦੁਸ਼ਮਣੀ ਦਾ ਵਤੀਰਾ ਉਨ੍ਹਾਂ ਕਦੇ ਨਹੀਂ ਸੀ ਕੀਤਾ। ਉਹ ਜ਼ਾਹਿਰ ਤੇ ਬਾਤਨ ਇਕੋ ਜਿਹੇ ਸਨ। ਉਹ ਮਨੁੱਖਤਾ ਦੇ ਸ਼ੈਦਾਈ ਸਨ। ਉਹ ਸਭ ਧਰਮਾਂ ਦਾ ਸਤਿਕਾਰ ਕਰਦੇ ਸਨ। ਆਪ ਦੀ ਧਾਰਮਿਕ-ਸੋਚ ਕਦੇ ਵੀ ਸੰਕੀਰਨ ਨਹੀਂ ਹੋਈ। ਉਹਨਾਂ ਕਦੇ ਵੀ ਕੱਟੜਤਾ ਤੇ ਵੱਖਵਾਦ ਦੀ ਭਾਵਨਾ ਨਹੀਂ ਸੀ ਰੱਖੀ। ਉਨ੍ਹਾਂ ਨੇ ਸ੍ਰੀ ਹਰਿਗੋਬਿੰਦਪੁਰਾ ਵਸਾਇਆ ਤਾਂ ਉਥੇ ਮੁਸਲਮਾਨਾਂ ਲਈ ਉਚੇਚੀ ਮਸੀਤ ਬਣਵਾਈ। ਉਹਨਾਂ ਅੰਦਰ ਪਈ-ਪੀੜਾ ਜਰਨ ਦਾ ਕਿਤਨਾਂ ਮਹਾਨ ਗੁਣ ਸੀ, ਇਸ ਦਾ ਪਤਾ ਉਹਨਾਂ ਦਾ ਗਵਾਲੀਅਰ ਦੇ ਕਿਲ੍ਹੇ ਵਿੱਚ ਬੇਦੋਸ਼ੇ ਕੈਦੀ ਰਾਜਿਆਂ ਦੀ ਸਹਾਇਤਾ ਕਰਨ ਤੇ, ਉਹਨਾਂ ਨੂੰ ਮੁਕਤ ਕਰਉਣ ਦੀ ਘਟਨਾ ਤੋਂ ਲੱਗਦਾ ਹੈ। ਇਸੇ ਘਟਨਾ ਕਰਕੇ ਆਪ ਨੂੰ ਬੰਦੀ ਛੋੜ ਦਾਤਾ ਕਰਕੇ ਯਾਦ ਕੀਤਾ ਜਾਂਦਾ ਹੈ। ਆਪ ਸਦਾ ਫੁਰਮਾਇਆ ਕਰਦੇ ਸਨ, ਗਰੀਬ ਦਾ ਮੂੰਹ ਗੁਰੂ ਕੀ ਗੋਲਕ ਹੈ। ਭਾਵ ਗਰੀਬ, ਭੁਖੇ ਦੇ ਲੋੜਵੰਦ ਦੇ ਮੂੰਹ ਵਿਚ ਪਾਉਣਾ ਗੁਰੂ ਨੂੰ ਭੇਟ ਚੜ੍ਹਾਉਣ ਤੁੱਲ ਹੈ।

ਗੁਰੂ ਨਾਨਕ ਸਾਹਿਬ ਨੂੰ ਕਲਿਯੁਗ ਵਿੱਚ ਨਾਮ ਦਾ ਛੱਟਾ ਦੇਣ ਲਈ ਭੇਜਿਆ ਗਿਆ ਸੀ। ਉਨ੍ਹਾਂ ਦੇ ਹੀ ਰੂਪ ਗੁਰੂ ਅੰਗਦ ਸਾਹਿਬ ਨੇ ਅਨਿੰਨ-ਭਗਤੀ ਦਾ ਰੋਲ ਨਿਭਾ ਕੇ ਰਜ਼ਾ ਤੇ ਭਾਣੇ ਵਾਲੀ ਕਾਰ ਕੀਤੀ। ਗੁਰੂ ਅਮਰਦਾਸ ਸਾਹਿਬ ਨੇ ਸੇਵਾ ਤੇ ਸਾਧਨਾ ਨਾਲ ਨਾਮ ਦੇ ਪੁੰਗਰੇ ਬੀਜ ਦੀ ਸੰਭਾਲ ਕੀਤੀ। ਗੁਰੂ ਰਾਮਦਾਸ ਪਾਤਸ਼ਾਹ ਨੇ ਸਿਦਕ, ਸਹਿਜ ਤੇ ਸਾਬੂਰੀ ਦੇ ਜਲ ਨਾਲ ਪੁੰਗਰਦੇ ਪੌਦੇ ਨੂੰ ਸਿੰਜਿਆ। ਗੁਰੂ ਅਰਜਨ ਦੇਵ ਜੀ ਮਹਾਰਾਜ ਨੇ 'ਨਾਮ' ਦੀ ਫਸਲ ਦੀ ਸੰਭਾਲ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਰੂਪ 'ਬੋਹਲ' ਦੀ ਸਿਰਜਨਾ ਕੀਤੀ ਤੇ ਗੁਰੂ ਹਰਗੋਬਿੰਦ ਪਾਤਸ਼ਾਹ ਜੀ ਨੇ ਇਸ ਬੋਹਲ ਦੀ ਰਾਖੀ ਲਈ ਖੜਗਭੁਜਾ ਦਾ ਪ੍ਰਯੋਗ ਕੀਤਾ। ਇਸ ਤਰ੍ਹਾਂ ਪਹਿਲੇ ਪੰਜ ਗੁਰੂ ਸਹਿਬਾਨ ਨੇ ਜਿਸ ਨਾਮ-ਭੰਡਾਰ ਨੂੰ ਇਕੱਤਰ ਕੀਤਾ ਸੀ, ਛੇਵੇਂ ਗੁਰੂ ਜੀ ਨੇ ਉਸ ਨੂੰ ਖਾਣ ਤੇ ਭੁੰਚਣ ਲਈ ਰਾਹ ਸਾਜ਼ਗਾਰ ਕੀਤਾ।

ਸਿੱਖ ਧਰਮ ਵਿਚ ਗੁਰ ਸ਼ਬਦ ਅਥਵਾ ਗੁਰਬਾਣੀ ਨੂੰ ਹੀ ਗੁਰੂ ਮੰਨਿਆ ਗਿਆ ਹੈ। ਦੇਹਧਾਰੀ ਗੁਰੂ ਸਹਿਬਾਨ ਨਿਰੰਕਾਰ ਦੇ ਭੇਜੇ ਹੋਏ, ਦੇਹ ਧਾਰ ਕੇ ਗੁਰ-ਸ਼ਬਦ ਦਾ ਪ੍ਰਚਾਰ ਕਰਨ ਹਿੱਤ ਹੀ ਭੇਜੇ ਗਏ ਸਨ। ਅੱਡ-ਅੱਡ ਦੇਹਾਂ ਵਿਚ ਹੁੰਦੇ ਹੋਏ ਵੀ ਉਹ ਸਭ ਨਿਰੰਕਾਰ ਦੀ ਜੋਤਿ ਹੀ ਹੋਏ ਸਨ। ਇਸ ਸਿਧਾਂਤ ਦੀ ਗੁਆਹੀ ਭਾਈ ਗੁਰਦਾਸ ਜੀ ਦਿੰਦੇ ਹੋਏ ਲਿਖਦੇ ਹਨ-

*ਨਿਰੰਕਾਰੁ ਨਾਨਕ ਦੇਉ ਨਿਰੰਕਾਰਿ ਆਕਾਰ ਬਣਾਇਆ।*
*ਗੁਰੂ ਅੰਗਦੁ ਗੁਰ ਅੰਗ ਤੇ ਗੰਉ ਜਾਣ ਤਰੰਗ ਉਠਾਇਆ।*
*ਅਮਰਦਾਸ ਗੁਰ ਅੰਗਦਹੁੰ ਜੋਤਿ ਸਰੂਪੀ ਚਲਤਿ ਵਰਤਾਇਆ।*
*ਗੁਰੂ ਅਮਰੇ ਗੁਰੂ ਰਾਮਦਾਸ ਅਨਹਦ ਨਾਦਹੁ ਸ਼ਬਦ ਸੁਣਾਇਆ॥*
*ਰਾਮਦਾਸਹੁ ਅਰਜਨ ਗੁਰੂ ਗੁਰੂ ਦਰਸ਼ਨ ਦਰਪਨ ਵਿਚ ਦਿਖਾਇਆ॥*
*ਹਰਿਗੋਬਿੰਦ ਗੁਰ ਅਰਜਨਹੁੰ ਗੁਰੂ ਗੋਬਿੰਦ ਨਾਉ ਸਦਵਾਇਆ*
*ਗੁਰ ਮੂਰਤਿ ਗੁਰ ਸ਼ਬਦ ਹੈ।*
*ਸਾਧ ਸੰਗਤਿ ਵਿਚ ਪ੍ਰਗਟੀ ਆਇਆ॥*

*(ਵਾਰ ੨੪, ਪਉੜੀ ੨੫)*

ਇਸ ਵਿਚਾਰ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ 'ਅਰਜਨ ਕਾਇਆ ਪਲਟਿਕੈ ਮੂਰਤਿ ਹਰਿਗੋਬਿੰਦ ਸਵਾਰੀ' ਕਥਨ ਗੁਰਮਤਿ ਅਨੁਸਾਰ ਪੂਰਨ ਤੌਰ ਤੇ ਅਟੱਲ ਹੈ।

# ਪੰਥ ਦਰਦੀ ਸ਼ਖਸੀਅਤ ਸ. ਤਾਰਾ ਸਿੰਘ ਦਾ ਅਕਾਲ ਚਲਾਣਾ ਪਰਿਵਾਰ ਤੇ ਕੌਮ ਨੂੰ ਨਾ ਪੂਰਾ ਹੋਣ ਵਾਲਾ ਘਾਟਾ

*[ ਮੁੱਖ ਸੰਪਾਦਕ ]*

ਗੁਰੂ ਪੰਥ ਦੀ ਸਰਵ-ਉੱਚ ਸੰਸਥਾ ਸ੍ਰੀ ਅਕਾਲ ਤਖਤ ਸਾਹਿਬ ਦੀ ਅਧੀਨਤਾ ਅੰਦਰ ਤਾ-ਉਮਰ ਜੀਵਨ ਬਿਤਾਉਣ ਵਾਲੇ, ਪੰਥ ਪ੍ਰਸਤ ਅਤੇ ਕੌਮ ਦਰਦੀ ਸ. ਤਾਰਾ ਸਿੰਘ ਜੀ, ਜੋ ਕਿ ਪਿਛਲੀ 10 ਮਈ 2022 ਨੂੰ ਸਵਾਸਾਂ ਦੀ ਪੂੰਜੀ ਪੂਰੀ ਕਰਕੇ ਗੁਰੂ ਚਰਨਾਂ ਵਿਚ ਜਾ ਬਿਰਾਜੇ। ਸ.ਤਾਰਾ ਸਿੰਘ ਜੀ ਦਾ ਸਾਰਾ ਜੀਵਨ ਸ਼ੰਘਰਸ਼ਮਈ ਰਹਿਆ। ਉਨ੍ਹਾਂ ਹਮੇਸ਼ਾਂ ਲੋੜਵੰਦ ਸਿੱਖ ਦੀ ਸੇਵਾ ਨੂੰ ਗੁਰੂ ਦਾ ਹੁਕਮ ਜਾਣ ਕੇ ਮੰਨਿਆ। 2 ਅਗਸਤ 1939 ਨੂੰ ਜਨਮੇ ਸ. ਤਾਰਾ ਸਿੰਘ ਜੀ ਨੇ ਆਪਣੀ ਮੁੱਢਲੀ ਸਿਖਿਆ ਏਅਰਫੋਰਸ ਟੈਕਨੋਲਜੀ ਸਕੂਲ ਤਾਂਬਰਮ, ਮਦਰਾਸ ਤੋਂ ਪ੍ਰਾਪਤ ਕੀਤੀ ਅਤੇ ਉਪਰੰਤ ਰਸ਼ੀਆ ਤੋਂ ਉਚੇਰੀ ਸਿੱਖਿਆ ਪ੍ਰਦਾਨ ਕਰ ਇੰਡੀਅਨ ਏਅਰਫੋਰਸ ਵਿਚ ਸੇਵਾਵਾਂ ਨਿਭਾਈਆਂ। ਗੁਰਸਿੱਖੀ ਰਹੁਰੀਤਾਂ ਵਿੱਚ ਰੰਗਤਾਨੀ ਰੂਹ ਸ. ਤਾਰਾ ਸਿੰਘ ਜੀ ਨੇ ਸਦਾ ਗੁਰੂ ਉਪਦੇਸ਼ ਉਤੇ ਪਹਿਰਾ ਦਿੱਤਾ। ਉਨ੍ਹਾਂ ਦਾ ਅਨੰਦ ਕਾਰਜ ਬੀਬੀ ਅਮਰਜੀਤ ਕੌਰ ਜੀ ਨਾਲ ਸੰਪੂਰਨ ਹੋਇਆ। ਉਨ੍ਹਾਂ ਦੀ ਮਿਹਨਤ ਤੇ ਆਪਣੇ ਕਿੱਤੇ ਪ੍ਰਤੀ ਤਨਦੇਹੀ ਦਾ ਸਬੂਤ ਚੰਡੀਗੜ੍ਹ ਥ੍ਰੀ ਬੀ. ਆਰ. ਡੀ. ਸਟੇਸ਼ਨ ਆਪ ਮੁਹਾਰੇ ਭਰਦਾ ਹੈ, ਜਿਸਨੂੰ ਸ. ਤਾਰਾ ਸਿੰਘ ਜੀ ਦੀ ਸਰਪ੍ਰਸਤੀ ਤੇ ਦੇਖ ਰੇਖ ਵਿੱਚ ਤਿਆਰ ਕੀਤਾ ਗਿਆ। ਭਰਭੂਰ ਪਰਿਵਾਰ ਦੇ ਮੁੱਖੀ ਵਜੋਂ ਸ. ਤਾਰਾ ਸਿੰਘ ਜੀ ਦੇ ਘਰ ਗੁਰੂ ਦੀ



ਕ੍ਰਿਪਾ ਸਦਕਾ ਸ. ਅਮਰਿੰਦਰ ਸਿੰਘ ਜੀ ਅਤੇ ਸ. ਨਵਦੀਪ ਸਿੰਘ ਜੀ ਵਰਗੇ ਹੋਣਹਾਰ ਸਪੁੱਤਰਾਂ ਨੇ ਜਨਮ ਲਿਆ। ਜੇ ਸ. ਤਾਰਾ ਸਿੰਘ ਜੀ ਦੀ ਕੌਮ ਪ੍ਰਸਤੀ ਦੀ ਗੱਲ ਕਰੀਏ ਤਾਂ ਇਹ ਉਨ੍ਹਾਂ ਦੀ ਹੀ ਸਿੱਖਿਆ ਸੀ ਕਿ ਪੰਥ ਤੇ ਭੀੜ ਪਵੇ ਤਾਂ ਮੁੱਖ ਨਹੀਓਂ ਮੋੜਨਾ ਤਾਂ ਇਸੇ ਵਚਨ ਦਾ ਸਬੂਤ ਉਨ੍ਹਾਂ ਦੇ ਹੋਣਹਾਰ ਪੁੱਤਰ ਅਤੇ ਕੌਮ ਦੇ ਮਹਾਨ ਸੂਰਮੇ ਭਾਈ ਅਮਰਿੰਦਰ ਸਿੰਘ ਜੀ, ਸਾਬਕਾ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੋਰਾਂ ਨੇ ਪ੍ਰਤੱਖ ਕਰਕੇ ਦਿਖਾਇਆ। ਜਦੋਂ ਸਮੇਂ ਦੀ ਸਰਕਾਰ ਵਲੋਂ ਸ੍ਰੀ ਦਰਬਾਰ ਸਾਹਿਬ ਤੇ ਫੌਜ ਚਾੜੀ ਗਈ ਤਾਂ ਇਸ ਦਰਦ ਨੂੰ ਨਾ ਸਹਾਰਦੇ ਹੋਏ ਉਨ੍ਹਾਂ ਦੇ ਪੁੱਤਰ ਭਾਈ ਅਮਰਿੰਦਰ ਸਿਘ ਹੋਰਾਂ ਨੇ ਰੋਸ ਵਜੋਂ 24 ਅਗਸਤ 1984 ਨੂੰ ਭਾਰਤੀ ਸਰਕਾਰ ਦੇ ਜਹਾਜ ਨੂੰ ਕਬਜੇ ਵਿਚ ਲੈ ਲਿਆ ਸੀ ਤੇ ਸਿੱਖ ਕੌਮ ਦੇ ਰੋਸ ਦੀ ਆਵਾਜ ਭਾਰਤੀ ਹਕੂਮਤ ਦੇ ਕੰਨਾਂ ਤੱਕ ਪਹੁੰਚਾ ਦਿੱਤੀ। ਐਸੀ ਕਰਨੀ ਤੇ ਗੁਰੂ ਪ੍ਰਤੀ ਸ਼ਰਧਾ ਸ. ਤਾਰਾ ਸਿੰਘ ਵਰਗੇ ਪਿਤਾ ਦੀ ਸਿੱਖਿਆ ਤੋਂ ਹੀ ਆ ਸਕਦੀ ਹੈ। ਜਿਸਦੀ ਮਿਸਾਲ ਕਿਤੇ ਕਿਸੇ ਕੌਮ ਵਿੱਚ ਘੱਟ ਹੀ ਮਿਲਦੀ ਹੈ। ਆਪਣੀ ਸਰਵਿਸ ਦੇ ਬਹੁਤੇ ਵਰੇ ਸ. ਤਾਰਾ ਸਿੰਘ ਜੀ ਨੇ ਅੰਬਾਲਾ ਸ਼ਹਿਰ ਵਿੱਚ ਗੁਜਾਰੇ ਪਰ 1984 ਤੋਂ ਬਾਅਦ ਸਭ ਕੁੱਝ ਬਦਲ ਗਿਆ। ਉਸ ਸਮੇਂ ਉਨ੍ਹਾਂ ਦਾ ਇੱਕ

ਪੁੱਤਰ ਅਜਮੇਰ ਜੇਲ ਵਿੱਚ ਬੰਦ ਸੀ। ਇਹ ਉਹ ਵੇਲਾ ਸੀ ਜਦੋਂ ਆਪਣੇ ਵੀ ਮੁੱਖ ਮੋੜ ਜਾਂਦੇ ਹਨ, ਪਰ ਸ. ਤਾਰਾ ਸਿੰਘ ਦੀ ਸ਼ਿੱਦਤ ਹੀ ਸੀ ਕਿ ਉਨ੍ਹਾਂ ਲੱਗਭਗ 12 ਸਾਲ ਆਪਣੇ ਪੁੱਤਰ ਦੇ ਕੇਸਾਂ ਦੀ ਆਪ ਪੈਰਵਾਈ ਕੀਤੀ ਅਤੇ ਮੁਕੱਦਮੇ ਨੂੰ ਸਰਵ ਉੱਚ ਅਦਾਲਤ ਤੱਕ ਲੈ ਕੇ ਗਏ ਤੇ ਸ. ਅਮਰਿੰਦਰ ਸਿੰਘ ਹੋਰਾਂ ਨੂੰ ਰਿਹਾ ਕਰਵਾ ਕੇ ਹੀ ਸਾਹ ਲਿਆ। ਅੱਜ ਐਸੀ ਗੁਰੂ ਪ੍ਰਤੀ ਸ਼ਰਧਾਵਾਨ ਤੇ ਸਿਰੜੀ ਰੂਹ ਜੋ ਸਾਡੇ ਵਿਚਕਾਰ ਹੁਣ ਨਹੀਂ ਰਹੀ, ਨੂੰ ਯਾਦ ਕਰਕੇ, ਪੂਰੀ ਕੌਮ ਨੂੰ ਉਨ੍ਹਾਂ ਉੱਤੇ ਤੇ ਪਿੱਛੇ ਉਨ੍ਹਾਂ ਦੇ ਪਰਿਵਾਰ ਦੇ ਵੱਡੇ ਪੁੱਤਰ ਭਾਈ ਅਮਰਿੰਦਰ ਸਿੰਘ, ਭਾਈ ਨਵਦੀਪ ਸਿੰਘ, ਨੂੰਹਾਂ ਪ੍ਰੋ. ਸੁਰਿੰਦਰ ਕੌਰ ਤੇ ਮਨਿੰਦਰ ਕੌਰ ਅਤੇ ਅੱਗੇ ਉਨ੍ਹਾਂ ਦੀ ਪੋਤਰੀ ਸਿਮਰਪ੍ਰਤੀ ਕੌਰ ਤੇ ਪੋਤਰੇ ਤਰਨਜੋਤ ਸਿੰਘ, ਸਿਮਰਜੋਤ ਸਿੰਘ ਅਤੇ ਸਿਮਰਪ੍ਰੀਤ ਸਿੰਘ ਜੋ ਸਿੱਖ ਅਸੂਲਾਂ ਦੇ ਪਹਿਰੇਦਾਰ ਬਣ ਕੇ, ਡਟੇ ਹੋਏ ਨੇ, ਮਾਣ ਮਹਿਸੂਸ ਹੁੰਦਾ ਹੈ।

ਅਦਾਰਾ ਆਤਮ ਰੰਗ ਵੱਲੋਂ ਸੱਚੇ ਪਾਤਸ਼ਾਹ ਅੱਗੇ ਅਰਦਾਸ ਹੈ ਕਿ ਉਨ੍ਹਾਂ ਨੂੰ ਸਦੀਵੀ ਆਪਣੇ ਚਰਣਾਂ ਵਿੱਚ ਨਿਵਾਸ ਬਖਸ਼ਣ ਤੇ ਆਵਾਗਮਨ ਦੇ ਚੱਕਰ ਵਿੱਚੋਂ ਬਚਾ ਕੇ ਰੱਖਣ ਤੇ ਪਿੱਛੇ ਪਰਿਵਾਰ ਨੂੰ ਇਹ ਭਾਣਾ ਮੰਨਣ ਦਾ ਬਲ ਬਖਸ਼ਣ।

# ਅਖੰਡ ਕੀਰਤਨੀ ਜੱਥੇ ਦੇ ਨੌਜੁਆਨ ਸਿੰਘ ਕਾਕਾ ਅਗੰਮਜੋਤ ਸਿੰਘ ਦਾ ਨਿੱਕੀ ਉਮਰੇ ਤੁਰ ਜਾਣਾ ਮੰਦਭਾਗਾ

*[ ਮੁੱਖ ਸੰਪਾਦਕ ]*

ਜਦੋਂ ਵੀ ਕਦੇ ਅਖੰਡ ਕੀਰਤਨੀ ਜੱਥੇ ਦੇ ਪੁਰਾਤਨ ਸਿੰਘਾਂ ਦੀ ਗੱਲ ਤੁਰਦੀ ਹੈ ਤਾਂ ਉਹਨਾਂ ਚੋਣਵੇਂ ਸਿੰਘਾਂ ਵਿੱਚ ਮਾਸਟਰ ਗੁਰਬਚਨ ਸਿੰਘ ਜੀ ਦਿਆਲਪੁਰ ਦਾ ਨਾਂ ਸੁਭਾਵਕ ਹੀ ਸਾਹਮਣੇ ਆ ਜਾਂਦਾ ਹੈ ਜਿਨ੍ਹਾਂ ਨੇ ਜੱਥੇ ਦੀ ਸੇਵਾ ਤੇ ਕੀਰਤਨ ਸਮਾਗਮਾਂ ਵਿੱਚ ਵੱਡੀ ਸੇਵਾ ਨਿਭਾ ਕੇ ਗੁਰੂ ਦੀ ਬਖਸ਼ੀਸਾਂ ਲਈਆਂ। ਪਿਛਲੇ ਦਿਨੀ ਉਨ੍ਹਾਂ ਦੇ ਪਰਿਵਾਰ ਨਾਲ ਇਕ ਐਸੀ ਮੰਦਭਾਗੀ ਘਟਨਾ ਵਾਪਰੀ ਕਿ ਜਿਸ ਨਾਲ ਪੂਰੇ ਅਖੰਡ ਕੀਰਤਨੀ ਜੱਥੇ ਦੇ ਦਿਲਾਂ ਨੂੰ ਗਹਿਰਾ ਸੱਦਮਾ ਲੱਗਾ ਜਦੋਂ ਕਿ ਉਨ੍ਹਾਂ ਦਾ ਨੌਜੁਆਨ ਪੋਤਰਾ ਕਾਕਾ ਅਗੰਮਜੋਤ ਸਿੰਘ ਭਰ ਜਵਾਨੀ ਵਿੱਚ ਨਿਕੀ ਉਮਰੇ ਗੁਰੂ ਸਾਹਿਬ ਦੇ ਚਰਨਾਂ ਵਿਚ ਜਾ ਵਿਰਾਜਿਆ। ਕਿਸੇ ਪਰਿਵਾਰ ਵਾਸਤੇ ਇਸ ਤਰ੍ਹਾਂ ਦੀ ਬਹੁਤ ਹੀ ਦੁਖਦਾਈ ਘਟਨਾ ਨਾਲ ਜੋ ਬਣ ਆਉਂਦੀ ਹੈ ਜੋ ਸਮਾਂ ਬਿਤਿਆ ਉਸ ਨੂੰ ਅਸੀਂ ਬਹੁਤ ਹੀ ਚੰਗੀ ਤਰ੍ਹਾਂ ਸਮਝ ਸਕਦੇ ਹਾਂ। ਇਸ ਦੁਖ ਦੀ ਘੜੀ ਵਿੱਚ ਪੂਰਾ ਅਖੰਡ ਕੀਰਤਨੀ ਜੱਥਾ ਅਤੇ ਮੈਂ ਨਿੱਜੀ ਰੂਪ ਵਿਚ ਕਾਕਾ ਅਗੰਮਜੋਤ ਸਿੰਘ ਦੀ ਬੇਵਕਤੀ ਮੌਤ ਤੇ ਡੂੰਘਾ ਦੁਖ ਜਾਹਰ ਕਰਦਾ ਹਾਂ। ਕਾਕਾ ਅਗੰਮਜੋਤ ਸਿੰਘ ਹਾਲੇ ਸਾਲ ਕੁ ਪਹਿਲਾਂ ਅੰਮ੍ਰਿਤ ਛੱਕ ਕੇ ਸਿੰਘ ਸਜ ਕੇ ਗੁਰੂ ਕੇ ਜਹਾਜੇ ਚੜਿਆ ਸੀ ਪਰ ਅਕਾਲ ਪੁਰਖ ਦੇ ਭਾਣੇ ਨੂੰ ਉਹ ਨਿਰੰਕਾਰ ਆਪ ਹੀ ਜਾਣਦਾ ਹੈ। ਸੱਚੇ ਪਾਤਸ਼ਾਹ ਇਸ ਦੁਖ ਵਿੱਚ ਕਾਕਾ ਅਗੰਮਜੋਤ ਸਿੰਘ ਦੇ ਪਿਤਾ ਸ. ਇੰਦਰਜੀਤ ਸਿੰਘ ਤੇ ਮਾਤਾ ਜਗਜੀਤ ਕੌਰ ਪੂਰੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ ਅਤੇ ਪਰਿਵਾਰ ਨੂੰ ਆਪਣੀ ਨਾਮ ਬਾਣੀ ਅਤੇ ਕੀਰਤਨ ਰਾਹੀਂ ਮਨ ਇਕਾਗਰ ਕਰਕੇ ਪ੍ਰਮਾਤਮਾ ਦੀ ਹੋਰ ਬੰਦਗੀ ਬਖਸ਼ਣ।



ਅਦਾਰਾ ਆਤਮ ਰੰਗ ਵੱਲੋਂ ਸੱਚੇ ਪਾਤਸ਼ਾਹ ਅੱਗੇ ਅਰਦਾਸ ਹੈ ਕਿ ਉਸ ਬੱਚੇ ਨੂੰ ਸਦੀਵੀ ਆਪਣੇ ਚਰਣਾਂ ਵਿੱਚ ਨਿਵਾਸ ਬਖਸ਼ਣ ਤੇ ਆਵਾਗਮਨ ਦੇ ਚੱਕਰ ਵਿੱਚੋਂ ਬਚਾ ਕੇ ਰੱਖਣ ਤੇ ਪਿੱਛੇ ਪਰਿਵਾਰ ਨੂੰ ਇਹ ਭਾਣਾ ਮੰਨਣ ਦਾ ਬਲ ਬਖਸ਼ਣ।

ਕਾਕਾ ਅਗੰਮਜੋਤ ਸਿੰਘ ਦੀ ਯਾਦ ਵਿੱਚ ਪਰਿਵਾਰ ਨੇ ਅਦਾਰਾ ਆਤਮ ਰੰਗ ਨੂੰ 5,000 ਰੁਪਏ ਦੀ ਸਹਾਇਤਾ ਦਿੱਤੀ।

## ਸਹਾਇਤਾ ਆਤਮ ਰੰਗ ਮਈ 2022 ਦੇ ਮਹੀਨੇ ਦੀ

| | |
|---|---|
| ◆ ਗੁਰਪੁਰਵਾਸੀ ਭਾਈ ਸਤਨਾਮ ਸਿੰਘ, ਚੀਫ ਐਡੀਟਰ, ਆਤਮ ਰੰਗ ਤੇ ਮੁੱਖ ਸੇਵਾਦਾਰ ਅਖੰਡ ਕੀਰਤਨੀ ਜੱਥਾ, (ਰਜਿ.), ਚੰਡੀਗੜ੍ਹ ਜੀ ਦੀ ਮਿੱਠੀ ਤੇ ਪਿਆਰੀ ਯਾਦ ਵਿੱਚ ਉਨ੍ਹਾਂ ਜੀ ਦੇ ਪਰਿਵਾਰ ਵੱਲੋਂ | 10,000.00 |
| ◆ ਭਾਈ ਗੁਰਚਰਨ ਸਿੰਘ ਜੀ, ਚੰਡੀਗੜ੍ਹ | 1,000.00 |
| ◆ ਭਾਈ ਤਾਰਾ ਸਿੰਘ ਜੀ, ਚੰਡੀਗੜ੍ਹ, ਅੰਤਿਮ ਅਰਦਾਸ ਸਮੇਂ ਪਰਿਵਾਰ ਵੱਲੋਂ | 10,000.00 |
| ◆ ਕਾਕਾ ਅਗੰਮਜੋਤ ਸਿੰਘ ਜੀ, ਦਿਆਲਪੁਰ, ਅੰਤਿਮ ਅਰਦਾਸ ਸਮੇਂ ਪਰਿਵਾਰ ਵੱਲੋਂ | 5,000.00 |
| ◆ ਗੁਪਤ, ਅੰਮ੍ਰਿਤਸਰ | 20,000.00 |
| ◆ ਗੁਪਤ, ਲੁਧਿਆਣਾ | 3,000.00 |
| **ਕੁਲ ਜੋੜ** | **49,000.00** |

## Statement of Income & Expenditure for the Month of May 2022 of *Atam Rang*

| | |
|---|---|
| 1. M/s Jai Offset Printers | 30,000.00 |
| 2. Cost of Service Stamps | 13,900.00 |
| 3. Cost of envelops & printing | 15,300.00 |
| 4. Cost of Stickers | 3,000.00 |
| 5. Previous balance | 67,722.00 |
| **Total Expenditure upto 31.05.2022** | **1,29,922.00** |
| Donation | 49,000.00 |
| Membership | 200 |
| Sale of Books | - |
| **Total Income** | **49,200.00** |
| **Expenditure** | **1,29,922.00** |
| **Income** | **49,200.00** |
| **Difference** | **(-) 80,722.00** |

## ਗੁਰਪੁਰਬ ਤੇ ਦਿਨ ਦਿਹਾਰ

| | |
|---|---|
| ਸੰਗਰਾਂਦ | 15 ਜੂਨ |
| ਪੂਰਨਮਾਸ਼ੀ | 14 ਜੂਨ |
| ਮੱਸਿਆ | 29 ਜੂਨ |
| ਪੰਚਮੀ | 4 ਜੂਨ |
| **ਗੁਰਪੁਰਬ** | |
| ਸ਼ਹੀਦੀ ਗੁਰੂ ਅਰਜਨ ਦੇਵ ਜੀ | 3 ਜੂਨ |
| ਪ੍ਰਕਾਸ਼ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ | 15 ਜੂਨ |

## ਸੰਗਤਾਂ ਨੋਟ ਕਰਨ ਜੀ

ਆਤਮ ਰੰਗ ਦੇ ਪ੍ਰਬੰਧਕਾਂ ਵਲੋਂ ਬੜੇ ਪਿਆਰ ਸਹਿਤ ਬੇਨਤੀ ਹੈ ਕਿ ਜਿਸਨੇ ਵੀ ਅਪਣੇ ਲੇਖ ਜਾਂ ਸਮਾਗਮ ਬਾਰੇ ਇਸ਼ਤਿਹਾਰ ਭੇਜਣੇ ਹਨ ਉਹ 12 ਤਰੀਕ ਤਕ ਆਤਮ ਰੰਗ ਦੀ ਮੇਲ atamrang3@gmail.com ਜਾਂ whatsapp No. 98143-00245 ਤੇ ਭੇਜਣ ਦੀ ਕ੍ਰਿਪਾਲਤਾ ਕਰੋ ਜੀ। ਖ਼ਾਸ ਕਰਕੇ ਲੇਖਕਾਂ ਨੂੰ ਬੇਨਤੀ ਹੈ ਕਿ ਉਹ ਅਪਣੇ ਲੇਖ ਭੇਜ ਕੇ ਸਹਿਯੋਗ ਦਿੰਦੇ ਰਹਿਣ।

## ਸੰਗਤਾਂ ਪ੍ਰਤੀ ਜ਼ਰੂਰੀ ਬੇਨਤੀ

### ਆਤਮ ਰੰਗ ਮੈਗਜ਼ੀਨ ਦੀ ਸਹਾਇਤਾ ਭੇਜਣ ਲਈ ਥੱਲੇ ਦਿੱਤੇ ਅਕਾਊਂਟ ਨੰਬਰ/ਬੈਂਕ ਦੇ ਵੇਰਵੇ ਦਾ ਖਾਸ ਧਿਆਨ ਰਖਿਆ ਜਾਵੇ ਜੀ

ਸੰਗਤਾਂ ਪ੍ਰਤੀ ਬੇਨਤੀ ਹੈ ਕਿ ਆਤਮ ਰੰਗ ਮੈਗਜ਼ੀਨ ਜੋ ਕਿ 1999 ਦੀ ਵਿਸਾਖੀ ਤੋਂ ਨਿਰੰਤਰ ਸੰਗਤਾਂ ਦੇ ਪਾਵਨ ਹੱਥਾਂ ਵਿਚ ਅੱਜ ਤੱਕ ਪਹੁੰਚ ਰਿਹਾ ਹੈ। ਇਸ ਮੈਗਜ਼ੀਨ ਦੀ ਆਪਣੀ ਹੀ ਦੇਣ ਹੈ। ਇਸ ਵਿਚ ਵੱਡੇ-ਵੱਡੇ ਵਿਦਵਾਨਾਂ, ਗੁਣੀ ਗਿਆਨੀਆਂ, ਤਜਰਬੇਕਾਰ ਲਿਖਾਰੀਆਂ ਅਤੇ ਗੁਰਮਤਿ ਦੇ ਖੋਜੀਆਂ ਦੀਆਂ ਰਚਨਾਵਾਂ ਦਿੱਤੀਆਂ ਜਾਂਦੀਆਂ ਹਨ ਤੇ ਇਸ ਦੇ ਨਾਲ-ਨਾਲ ਜੱਥੇ ਦੇ ਸਾਰੇ ਪ੍ਰੋਗਰਾਮ ਅਤੇ ਜੱਥੇ ਦੀਆਂ ਗਤੀਵਿਧੀਆਂ ਬਾਰੇ ਸੰਗਤਾਂ ਨੂੰ ਗਾਹੇ-ਬਗਾਹੇ ਜਾਣੂ ਕਰਵਾਇਆ ਜਾਂਦਾ ਹੈ। ਇਹ ਮੈਗਜ਼ੀਨ ਇੰਨਾ ਹਰਮਨ ਪਿਆਰਾ ਹੋ ਗਿਆ ਹੈ ਕਿ ਇਸ ਦੀ ਡਿਮਾਂਡ ਦਿਨੋਂ ਦਿਨ ਵੱਧ ਰਹੀ ਹੈ। ਇਸ ਲਈ ਸੰਗਤਾਂ ਪ੍ਰਤੀ ਪਿਆਰ ਸਹਿਤ ਬੇਨਤੀ ਹੈ ਕਿ ਇਸ ਦੀ ਚੜ੍ਹਦੀ ਕਲਾ ਲਈ ਆਪਣੇ ਦਸਵੰਧ ਨੂੰ ਸਫਲਾ ਕਰਦੇ ਹੋਏ ਇਸ ਦੀ ਮਾਇਕ ਤੌਰ 'ਤੇ ਸਹਾਇਤਾ ਕੀਤੀ ਜਾਵੇ। ਕ੍ਰਿਪਾ ਕਰਕੇ ਆਤਮ ਰੰਗ ਅਕਾਊਂਟ ਨੰਬਰ 33008094850, IFS Code: SBIN0006597 ਸਟੇਟ ਬੈਂਕ ਆਫ਼ ਇੰਡੀਆ, ਸੈਕਟਰ-37, ਚੰਡੀਗੜ੍ਹ ਦੀ ਬ੍ਰਾਂਚ ਵਾਸਤੇ ਮਾਇਆ ਭੇਜੀ ਜਾਵੇ ਜੀ। ਆਪ ਜੀ ਦੇ ਇਸ ਸਹਿਯੋਗ ਲਈ 'ਆਤਮ ਰੰਗ' ਦੇ ਪ੍ਰਬੰਧਕ ਅਤਿ ਰਿਣੀ, ਧੰਨਵਾਦੀ ਤੇ ਸ਼ੁਕਰ ਗੁਜ਼ਾਰ ਹੋਣਗੇ ਜੀ।

**ਆਪ ਦਾ ਨਿਮਾਣਾ ਜਿਹਾ ਗੁਰਸਿੱਖ**

**ਮਨਪ੍ਰੀਤ ਸਿੰਘ, ਚੀਫ ਐਡੀਟਰ, ਆਤਮ ਰੰਗ**

**ਮੋਬਾਇਲ : 98143-00245**

## ਜ਼ਰੂਰੀ ਬੇਨਤੀ ਪਾਠਕਾਂ ਲਈ

ਪਾਠਕਾਂ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਜਿਨ੍ਹਾਂ ਨੂੰ ਆਤਮ ਰੰਗ ਮੈਗਜ਼ੀਨ 15 ਤਰੀਕ ਤੱਕ ਨਹੀਂ ਮਿਲਦਾ, ਉਸ ਤੋਂ ਬਾਅਦ ਉਹ ਪਾਠਕ ਬਿਨੈ-ਪੱਤਰ ਨਾਲ ਆਪਣਾ ਪੂਰਾ ਚਿੱਟ ਨੰਬਰ, ਪਤਾ ਤੇ ਮੋਬਾਇਲ ਨੰਬਰ ਦੇਣ/ਦੱਸਣ ਤਾਂ ਕਿ ਉਨ੍ਹਾਂ ਨੂੰ ਆਤਮ ਰੰਗ ਮੈਗਜ਼ੀਨ ਦੁਬਾਰਾ ਭੇਜਿਆ ਜਾ ਸਕੇ। ਸੰਪਰਕ ਕਰਨ ਲਈ ਮੋਬਾਇਲ ਨੰਬਰ 98143-00245 ਤੇ ਸਵੇਰੇ 10.00 ਵਜੇ ਤੋਂ ਲੈ ਕੇ ਸ਼ਾਮ 6.00 ਵਜੇ ਤਕ ਸੰਪਰਕ ਕੀਤਾ ਜਾ ਸਕਦਾ ਹੈ ਤਾਂ ਕਿ ਪਾਠਕਾਂ ਨੂੰ ਦੁਬਾਰਾ ਰਸਾਲਾ ਭੇਜਿਆ ਜਾ ਸਕੇ।

**ਦਾਸਰੇ : ਚੀਫ ਐਡੀਟਰ, ਆਤਮ ਰੰਗ। ਮੋਬਾਇਲ : 98143-00245**

## ਸੰਗਤਾਂ ਨੋਟ ਕਰਨ ਜੀ

ਸੰਗਤਾਂ ਪ੍ਰਤੀ ਬੜੇ ਪਿਆਰ ਤੇ ਨਿਮਰਤਾ ਸਹਿਤ ਬੇਨਤੀ ਹੈ ਕਿ ਜੋ ਵੀ ਸੱਜਣ ਆਤਮ ਰੰਗ ਲਈ ਮਾਇਕ ਸਹਾਇਤਾ, ਬੈਂਕ ਵਿੱਚ ਭੇਜਦਾ ਹੈ, ਉਹ ਕ੍ਰਿਪਾ ਕਰਕੇ ਇਸਦੀ ਜਾਣਕਾਰੀ ਮੋਬਾਈਲ ਨੰਬਰ 98143 00245 ਤੇ ਫੋਨ ਕਰਕੇ ਜਾਂ ਇਸ ਨੰਬਰ ਤੇ ਵਟਸਐਪ ਕਰਕੇ, ਦੇਣ ਦੀ ਕ੍ਰਿਪਾਲਤਾ ਕਰੇ ਜੀ।

*– ਮੁੱਖ ਸੰਪਾਦਕ*

## ਕੇਦੰਰੀ ਸਾਲਾਨਾ ਅੰਖਡ ਕੀਰਤਨ ਸਮਾਗਮ

### ਗੋਬਿੰਦ ਨਗਰ, ਅੰਬਾਲਾ ਛਾਉਣੀ ਵਿਖੇ

12,13,14 ਅਤੇ 15 ਅਗਸਤ 2022

ਦਿਵਸ ਸੁਹੇਲਾ ਅਤੇ ਰੈਣ ਸਬਾਈ ਕੀਰਤਨ 14 ਅਗਸਤ ਐਤਵਾਰ 2022

## ਨਾਰੰਗਵਾਲ ਵਿਖੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਜਨਮ ਅਸਥਾਨ ਗੁਰਦੁਆਰਾ ਹਵੇਲੀ ਸਾਹਿਬ ਵਿਖੇ ਹਰ ਮਹੀਨੇ ਦੀ 16 ਤਾਰੀਖ ਨੂੰ ਕੀਰਤਨ ਹੋਇਆ ਕਰੇਗਾ

ਸੰਗਤਾਂ ਪ੍ਰਤੀ ਬੇਨਤੀ ਹੈ ਕਿ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ਪਿਆਰੀ, ਮਿੱਠੀ ਤੇ ਨਿੱਘੀ ਯਾਦ ਵਿੱਚ ਹਰ ਮਹੀਨੇ ਦੀ 16 ਤਾਰੀਖ ਨੂੰ ਗੁਰਦੁਆਰਾ ਹਵੇਲੀ ਸਾਹਿਬ ਭਾਈ ਸਾਹਿਬ ਜੀ ਦੇ ਜਨਮ ਅਸਥਾਨ ਵਿਖੇ ਕੀਰਤਨ ਸ਼ਾਮ ਨੂੰ 6 ਵਜੇ ਤੋਂ ਲੈ ਕੇ 8 ਵਜੇ ਤਕ ਹੋਇਆ ਕਰੇਗਾ। ਸੰਗਤਾਂ ਹੁੰਮ-ਹੁਮਾ ਕੇ ਦਰਸ਼ਨ ਦੀਦਾਰੇ ਬਖਸ਼ਣ ਤੇ ਕੀਰਤਨ ਦੇ ਆਨੰਦ ਲੈਣ ਤੇ ਭਾਈ ਸਾਹਿਬ ਜੀ ਤੋਂ ਅਸੀਸਾਂ, ਬਖਸ਼ੀਸ਼ਾਂ ਲੈ ਕੇ ਅਪਣੀ ਜੀਵਨ ਯਾਤਰਾ ਨੂੰ ਸਫਲਾ ਕਰਨ।

**ਦਾਸਰੇ - ਭਾਈ ਕੁਲਦੀਪ ਸਿੰਘ ਜੀ, ਭਾਈ ਕਰਮਜੀਤ ਸਿੰਘ ਜੀ, ਭਾਈ ਦਲਜੀਤ ਸਿੰਘ ਭੱਟੀ ਤੇ ਸਮੂਹ ਸੰਗਤ**

**ਆਖੰਡ ਕੀਰਤਨੀ ਜੱਥਾ, ਲੁਧਿਆਣਾ - 98156-11924**

## ਰਿਸ਼ਤੇ ਨਾਤੇ

243. Looking educated Gursikh girl for Amritdhari Gursikh Tajinder Pal Singh, 5' 6", D.O.B. May 1987, B. Engg., PGD GBM from Humber College, Toronto and permanent resident of Canada & application for Canadian citizenship is under process. Currently in India and involved in his family business (Globedwise Private Limited). Father retired as Vice President with HDFC Bank, owns business in the name of Globedwise Private Limited. Contact : 7428255753
244. Wanted Amritdhar educated fair & slim girl for Amritdhari Gursikh boy 27, 5'-10", B.Com. Own business, having good income. Father retired Govt. Officer, 2 elder brothers are married and well settled. Contact : 95180-45118 (Ambala)
245. Looking for well educated Gursikh girl for Jaspreet Singh of Doraha, D.O.B. 29.06.1993, 5'7", D Pharmacy, B Pharmacy, own clinic and medical shop. Contact : ..........

**ਨੋਟ:-** 1. ਇਹ ਰਿਸ਼ਤੇ ਸਿਰਫ ਕੇਸਕੀ-ਧਾਰੀ ਬੱਚਿਆਂ ਲਈ ਹੀ ਹਨ ਜੀ।
2. ਪੱਤਰ-ਵਿਹਾਰ ਲਈ ਸੀਰੀਅਲ ਨੰਬਰ ਅਤੇ ਮਹੀਨਾ ਨਾਲ ਦੇ ਕੇ ਕਾਰਵਾਈ ਕੀਤੀ ਜਾਵੇ ਜੀ।



ਵਾਹਿਗੁਰੂ ਜੀ ਕਾ ਖਾਲਸਾ,
ਵਾਹਿਗੁਰੂ ਜੀ ਕੀ ਫਤਹਿ"
ਹੁਸ਼ਿਆਰਪੁਰ ਵਿਖੇ ਸਲਾਨਾ ਅਖੰਡ ਕੀਰਤਨ ਸਮਾਗਮ
14 ਜੂਨ 2022 ਮੰਗਲਵਾਰ ਤੋਂ 17 ਜੂਨ 2022 ਦਿਨ ਸ਼ੁਕਰਵਾਰ ਤੱਕ
ਗੁਰੂ ਰੂਪ ਸਾਧ ਸੰਗਤ ਜੀਓ,
ਸ਼ਹੀਦਾ ਦੇ ਸਿਰਤਾਜ, ਸ਼ਾਤੀ ਦੇ ਪੁੰਜ, ਧੰਨ ਧੰਨ ਸਾਹਿਬ ਸ੍ਰੀ ਗੁਰੂ ਅਰਜੁਨ ਦੇਵ ਜੀ ਦੀ ਅਦੁੱਤੀ ਸ਼ਹਾਦਤ ਨੂੰ ਸਮਰਪਿਤ ਸਲਾਨਾ ਅਖੰਡ ਕੀਰਤਨ ਸਮਾਗਮ, ਸਰਬ ਹਿੰਦ ਅਖੰਡ ਕੀਰਤਨੀ ਜੱਥਿਆਂ ਵਲੋਂ ਅਤੇ ਲੋਕਲ ਸਭਾ ਸੁਸਾਇਟੀਆਂ ਦੇ ਸਹਿਯੋਗ ਨਾਲ 14 ਜੂਨ 2022 ਦਿਨ ਮੰਗਲਵਾਰ ਸਵੇਰੇ ਤੋਂ 17 ਜੂਨ ਦਿਨ ਸ਼ੁਕਰਵਾਰ ਸਵੇਰੇ ਤੱਕ ਹੇਠ ਦਰਸਾਏ ਪ੍ਰੋਗਰਾਮ ਅਨੁਸਾਰ **ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਰੇਲਵੇ ਰੋਡ, ਹੁਸ਼ਿਆਰਪੁਰ ਵਿਖੇ** ਬਹੁਤ ਹੀ ਪਿਆਰ ਅਤੇ ਸ਼ਰਧਾ ਨਾਲ ਮਨਾਏ ਜਾ ਰਹੇ ਹਨ। ਸਮੂਹ ਸੰਗਤਾਂ ਨੂੰ ਸਨਿਮਰ ਜੋਦੜੀ ਹੈ ਕਿ ਸਾਰੇ ਸਮਾਗਮ ਵਿੱਚ ਹਾਜਰੀਆਂ ਭਰਕੇ ਕੀਰਤਨ ਦੇ ਲਾਹੇ ਲੈਣੇ ਅਤੇ ਮੰਨ, ਤੱਨ ਅਤੇ ਧੰਨ ਨਾਲ ਸੇਵਾ ਕਰਕੇ ਗੁਰੂ ਸਾਹਿਬ ਜੀ ਦੀਆਂ ਅਸੀਸਾਂ ਲੈਣੀਆਂ ਜੀ।
ਪ੍ਰੋਗਰਾਮ
14 ਜੂਨ 2022 ਦਿਨ ਮੰਗਲਵਾਰ
ਸਵੇਰੇ 4:00 ਵਜੇ ਤੋਂ 6:00 ਵਜੇ ਤੱਕ ਕੀਰਤਨ
ਆਸਾ ਦੀ ਵਾਰ ਉਪਰੰਤ ਅਰੰਭ ਅਖੰਡ ਪਾਠ ਸਾਹਿਬ।
16 ਜੂਨ 2022 ਦਿਨ ਵੀਰਵਾਰ
ਸਵੇਰੇ ਭੋਗ ਸ੍ਰੀ ਅਖੰਡ ਪਾਠ ਸਾਹਿਬ ਉਪਰੰਤ ਦਿਵਸ ਸੁਹੇਲਾ
ਦੁਪਿਹਰ 2:00 ਵਜੇ ਤੱਕ
ਕੀਰਤਨ ਰੈਣਿ ਸਬਾਈ
ਸ਼ਾਮ 7:00 ਵਜੇ ਸੋਦਰੁ ਰਹਿਰਾਸ ਸਾਹਿਬ ਦੇ ਪਾਠ ਉਪਰੰਤ ਅਰੰਭ
ਹੋਕੇ 17 ਜੂਨ 2022 ਸਵੇਰੇ 4:00 ਵਜੇ ਸਮਾਪਤੀ ਹੋਵੇਗੀ
ਅੰਮ੍ਰਿਤ ਸੰਚਾਰ
16 ਜੂਨ 2022 ਦਿਨ ਵੀਰਵਾਰ ਸ਼ਾਮ 8:00 ਵਜੇ
ਗੁਰਦੁਆਰਾ ਧਰਮਸ਼ਾਲਾ, ਮੁੱਹਲਾ ਪ੍ਰੇਮਗੜ੍ਹ ਵਿਖੇ ਅਰੰਭ ਹੋਵੇਗਾ।
ਜ਼ਰੂਰੀ ਬੇਨਤੀਆਂ
1) ਲੰਗਰ ਅਤੇ ਰਿਹਾਇਸ਼ ਦਾ ਸਾਰਾ ਪ੍ਰਬੰਧ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਰੇਲਵੇ ਰੋਡ ਵਿਖੇ ਹੋਵੇਗਾ ਜੀ।
2) ਅਨੰਦ ਕਾਰਜ ਕਰਵਾਉਣ ਵਾਲੇ ਜੋੜਿਆਂ ਵਾਲੇ ਪਰਿਵਾਰ ਪਹਿਲਾਂ ਸੂਚਿਤ ਕਰਨ ਜੀ।
3) ਕੋਈ ਵੀ ਸੱਜਣ ਪ੍ਰਬੰਧ ਵਿਚ ਦਖਲ ਅੰਦਾਜੀ ਕਰਨ ਦੀ ਖੇਚਲ ਨਾ ਕਰੇ ਜੀ।
ਦਾਸਰੇ : ਅਖੰਡ ਕੀਰਤਨੀ ਜੱਥਾ, ਹੁਸ਼ਿਆਰਪੁਰ
ਫੋਨ ਨੰ: 98151-31079 ਅਤੇ 9988441535
ਪ੍ਰਿੰਟਰਜ਼ : ਸਮਨੋਲ ਕੁਆਲਿਟੀ ਪ੍ਰਿੰਟਰਜ਼, ਰੈਂਡ ਰੋਡ, ਹੁਸ਼ਿਆਰਪੁਰ (M) 9815552775

# ਦਿਵਸ ਸੋਹੋਲਾ ਅਖੰਡ ਕੀਰਤਨ ਸਮਾਗਮ ਕੁਮਾਰਹੱਟੀ

ਮਿਤੀ 5-6-2022 ਦਿਵਸ ਸੋਹੋਲਾ ਅਖੰਡ ਕੀਤਰਨ ਸਮਾਗਮ ਸਵੇਰੇ 6 ਵਜੇ ਤੋਂ ਦੁਪਿਹਰ 2 ਵਜੇ ਤਕ ਗੁਰੂਦੁਆਰਾ ਤਪੋਵਨ ਭਾਈ ਸਾਹਿਬ ਭਾਈ ਰਣਧੀਰ ਸਿੰਘ (ਟਰਸਟ) ਕੁਮਾਰਹੱਟੀ ਵਿੱਖੇ ਹੋਣਗੇ ਸਗਤਾਂ ਪ੍ਰਤਿ ਪ੍ਰੇਮ ਸਹਿਤ ਬੇਨਤੀ ਹੈ ਕਿ ਇਸ ਸਮਾਗਮ ਵਿੱਚ ਹਾਜਰੀਆਂ ਭਰ ਕੇ ਖੁਸ਼ੀਆਂ ਲਈਆਂ ਜਾਣ ਤੇ ਇਸ ਪਵਿੱਤਰ ਅਸਥਾਨ ਤੇ ਦਰਸ਼ਨ ਪਰਸ਼ਨ ਕਰਕੇ ਆਪਣਾ ਜੀਵਨ ਸਫਲਾ ਕੀਤਾ ਜਾਵੇ ਜਿਸਦੇ ਪ੍ਰਬੰਧਕ ਅਤੀ ਰੀਣੀ ਦੇ ਧੰਨਵਾਦੀ ਹੋਣਗੇ



**Live telecast at akj.org**

**ਦਾਸਰੇ: ਅਖੰਡ ਕੀਰਤਨੀ ਜਥਾ (ਰਜਿ.) ਚੰਡੀਗੜ੍ਹ**

**ਪ੍ਰਬੰਧਕ : ਗੁਰੂਦੁਆਰਾ ਤਪੋਵਨ ਭਾਈ ਸਾਹਿਬ ਭਾਈ ਰਣਧੀਰ ਸਿੰਘ (ਟਰਸਟ) ਕੁਮਾਰਹੱਟੀ**

98143-00245, 75289-00045, 98153-01010, 87089-58920, 99888-02622, 99888-04622,

## ਪੰਥ ਦੀ ਸੋਨ ਚਿੜੀ ਮਹਾਨ ਆਜਾਦੀ ਘੁਲਾਟੀਏ ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ 144ਵੇਂ ਜਨਮ ਦਿਵਸ ਨੂੰ ਸਮਰਪਿਤ ਕੇਂਦਰੀ ਸਾਲਾਨਾ ਅਖੰਡ ਕੀਰਤਨ ਸਮਾਗਮ ਗੁਰਦੁਆਰਾ ਗੁਰਮਤ ਸੰਚਾਰ ਭਾਈ ਸਾਹਿਬ ਭਾਈ ਰਣਧੀਰ ਸਿੰਘ ਟਰੱਸਟ, ਭਾਈ ਰਣਧੀਰ ਸਿੰਘ ਨਗਰ, ਲੁਧਿਆਣਾ ਵਿਖੇ ਮਿਤੀ 7 ਜੁਲਾਈ 2022 ਤੋਂ ਲੈ ਕੇ 10 ਜੁਲਾਈ ਸਵੇਰ ਤਕ

ਹਰ ਸਾਲ ਦੀ ਤਰ੍ਹਾਂ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ਜਨਮ ਸ਼ਤਾਬਦੀ ਦੇ ਸੰਬੰਧ ਵਿੱਚ ਕੇਂਦਰੀ ਸਲਾਨਾ ਅਖੰਡ ਕੀਰਤਨ ਸਮਾਗਮ 07 ਜੁਲਾਈ 2022 ਤੋਂ ਲੈ ਕੇ 10 ਜੁਲਾਈ 2022 ਸਵੇਰ ਤਕ ਗੁਰਦੁਆਰਾ ਗੁਰਮਤਿ ਸੰਚਾਰ, ਭਾਈ ਸਾਹਿਬ ਰਣਧੀਰ ਸਿੰਘ ਟਰੱਸਟ, ਐਫ ਬਲਾਕ, ਭਾਈ ਰਣਧੀਰ ਸਿੰਘ ਨਗਰ, ਲੁਧਿਆਣਾ ਵਿਖੇ ਹੋਣਗੇ। ਸੰਗਤਾਂ ਪ੍ਰਤੀ ਪ੍ਰੇਮ ਸਹਿਤ ਬੇਨਤੀ ਹੈ ਕਿ ਇਸ ਸਮਾਗਮ ਵਿੱਚ ਹਾਜਰੀਆਂ ਭਰ ਕੇ ਖੁਸ਼ੀਆਂ ਲਈਆਂ ਜਾਣ ਤੇ ਅਪਨਾ ਜੀਵਨ ਸਫਲਾ ਕੀਤਾ ਜਾਵੇ ਜੀ।



### ਪ੍ਰੋਗਰਾਮ

| | |
|---|---|
| 7 ਜੁਲਾਈ 2022 | ਕੀਰਤਨ ਆਸਾ ਦੀ ਵਾਰ ਸਵੇਰੇ 5 ਤੋਂ 7 ਵਜੇ ਤਕ, ਆਰੰਭ ਸ੍ਰੀ ਅਖੰਡ ਪਾਠ ਸਾਹਿਬ ਸਵੇਰੇ 7 ਵਜੇ |
| 9 ਜੁਲਾਈ 2022 | ਭੋਗ ਸ੍ਰੀ ਅਖੰਡ ਪਾਠ ਸਾਹਿਬ ਸਵੇਰੇ 6 ਵਜੇ ਉਪਰੰਤ ਦਿਵਸ ਸੁਹੇਲਾ ਅਖੰਡ ਕੀਰਤਨ ਸਮਾਗਮ ਦੁਪਹਿਰ 12 ਵਜੇ ਤਕ |
| ਕੀਰਤਨ ਰੈਣ ਸਬਾਈ | ਸ਼ਾਮ 7 ਵਜੇ ਆਰੰਭ ਹੋਣਗੇ ਜਿਨ੍ਹਾਂ ਦੇ ਭੋਗ 10 ਜੁਲਾਈ 2022 ਨੂੰ ਸਵੇਰੇ 5 ਵਜੇ ਪੈਣਗੇ। |

**ਅੰਮ੍ਰਿਤ ਸੰਚਾਰ ਸਮਾਗਮ ਭਾਈ ਸਾਹਿਬ ਭਾਈ ਰਣਧੀਰ ਸਿੰਘ ਟਰੱਸਟ ਵਿਖੇ ਸ਼ਾਮ ਨੂੰ 7 ਵਜੇ ਆਰੰਭ ਹੋਣਗੇ।**

**ਦਾਸਰੇ : ਭਾਈ ਰਣਧੀਰ ਸਿੰਘ ਟਰੱਸਟ ਅਤੇ ਅਖੰਡ ਕੀਰਤਨੀ ਜੱਥਾ, ਲੁਧਿਆਣਾ।**

ਮੋਬਾਇਲ : 98151-56014, 98156-11924, 93571-36811, 98161-35173

## ਸਮੂਹ ਅਖੰਡ ਕੀਰਤਨੀ ਜੱਥਿਆਂ ਵਲੋਂ

# ਸਾਲਾਨਾ ਕੇਦਰੀ ਅਖੰਡ ਕੀਰਤਨ ਸਮਾਗਮ

## ਮਿਤੀ 21-07-2022 ਤੋਂ 24-07-2022 ਤੱਕ

## ਗੁਰਦੁਆਰਾ ਸ਼੍ਰੀ ਗੁਰੂ ਸਿੰਘ ਸਭਾ (ਰਜ਼ਿ) ਸ਼ਿਮਲਾ ਵਿਖੇ

ਹਰ ਸਾਲ ਦੀ ਤਰ੍ਹਾ
ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ਪਵਿਤਰ ਯਾਦ ਵਿੱਚ
ਗੁਰਦੁਆਰਾ ਸ਼੍ਰੀ ਗੁਰੂ ਸਿੰਘ ਸਭਾ ਸ਼ਿਮਲਾ ਕਾਰਟ ਰੋਡ,
ਨੇੜੇ ਬੱਸ ਸਟੈਂਡ ਵਿਖੇ ਸਾਲਾਨਾ ਕੇਦਰੀ ਅੰਖਡ ਕੀਰਤਨ ਸਮਾਗਮ



ਮਿਤੀ 21-07-2022 ਤੋ 24-07-2022 ਦਿਨ ਵੀਰਵਾਰ ਤੋ ਲੇਕੇ ਐਤਵਾਰ ਹੇਠ ਲਿਖੇ ਪ੍ਰਗਰਾਮ ਅਨੁਸਾਰ ਹੋ ਰਹੇ ਹਨ।
ਸੰਗਤਾ ਪ੍ਰਤੀ ਬੇਨਤੀ ਹੈ ਕਿ ਇਸ ਸਮਾਗਮ ਵਿਚ ਹਾਜਰੀਆ ਭਰਕੇ ਗੁਰੂ ਘਰ ਦੀਆਂ ਖੁਸ਼ੀਆਂ ਲਈਆਂ ਜਾਣ ਤੇ ਪ੍ਰਬੰਧਕਾ ਨੂੰ ਨਿਵਾਜਿਆ ਜਾਵੇ ਜੀ।
ਇਸ ਵਾਰੀ ਇਹ ਸਮਾਗਮ ਖਾਸ ਤੋਰ ਤੇ ਭਾਈ ਸਤਨਾਮ ਸਿੰਘ ਜੀ ਚੜੀਗੜ੍ਹ, ਪ੍ਰਿਸੀਪਲ ਗੁਰਮੁਖ ਸਿੰਘ ਜੀ ਪਟਿਆਲਾ,
ਕਾਕਾ ਅਗਮਜੋਤ ਸਿੰਘ ਦਿਆਲਪੁਰ ਇਹਨਾ ਸਾਰੀਆ ਦੀ ਮਿਠੀ ਯਾਦ ਵਿਚ ਇਹ ਸਮਾਗਮ ਹੋ ਰਹੇ ਹਨ ।

| | |
|---|---|
| 21 ਜੁਲਾਈ 2022<br>ਦਿਨ ਵੀਰਵਾਰ | ਕੀਰਤਨ ਸ਼ਾਮ ਨੂੰ ਸੋਦਰ ਦੀ ਚੋਕੀ ਤੋਂ ਬਾਅਦ 9:30 ਵਜੇ ਤੱਕ |
| 22 ਜੁਲਾਈ 2022<br>ਦਿਨ ਸ਼ੁਕਰਵਾਰ | ਅੰਮ੍ਰਿਤ ਵੇਲੇ ਆਸਾ ਜੀ ਦੀ ਵਾਰ ਦਾ ਕੀਰਤਨ 5:30 ਵਜੇ ਤੋਂ ਲੈਕੇ 2.00 ਵਜੇ ਤੱਕ।<br>ਕੀਰਤਨ ਸ਼ਾਮ ਨੂੰ ਸੋਦਰ ਦੀ ਚੋਕੀ ਤੋਂ ਬਾਅਦ 9:30 ਵਜੇ ਤੱਕ ਹੋਵੇਗਾ । |
| 23 ਜੁਲਾਈ 2022<br>ਦਿਨ ਸ਼ਨੀਵਾਰ | ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ 5:30 ਤੋਂ ਲੈਕੇ 2:00 ਵਜੇ ਤੱਕ। ਸ਼ਾਮ ਨੂੰ ਸੋਦਰ ਦੀ ਚੋਕੀ ਤੋਂ ਬਾਅਦ ਰੈਣ ਸਭਾਈ ਕੀਰਤਨ ਅਰੰਭ ਹੋਣਗੇ ਜਿਨ੍ਹਾਂ ਦਾ ਭੋਗ 24.07.2022 ਸਵੇਰੇ 5:00 ਵਜੇ ਪੈਣਗੇ। |

## ਅੰਮ੍ਰਿਤ ਸੰਚਾਰ ਸਮਾਗਮ ਮਿਤੀ 23.07.2022
## ਨੂੰ ਗੁਰਦੁਆਰਾ ਸਾਹਿਬ ਵਿਖੇ ਰਾਤ 8 ਵਜੇ ਅਰੰਭ ਹੋਣਗੇ

ਨੋਟ :– ਲੰਗਰ ਤੇ ਰਿਹਾਇਸ ਦਾ ਸਾਰਾ ਪ੍ਰਬੰਧ ਗੁਰਦੁਆਰਾ ਸਾਹਿਬ ਵਿਖੇ ਹੋਵੇਗਾ।

ਨੋਟ : ਇਹ ਸਾਰਾ ਸਮਾਗਮ ਦਾ ਸਿੱਧੇ ਪ੍ਰਸਾਰਣ www.akj.org ਲਾਈਵ ਚੱਲੇਗਾ।

**ਸਹਿਯੋਗੀ :** ਪ੍ਰਬੰਧਕ ਕਮੇਟੀ ਗੁ.ਸ਼੍ਰੀ ਗੁਰੂ ਸਿੰਘ ਸ਼ਭਾ ਸ਼ਿਮਲਾ
ਫਨੋ :– 0177-2657336, 98160-30005

ਦਾਸਰੇ : ਅਖੰਡ ਕੀਰਤਨੀ ਜਥਾ (ਰਜ਼ਿ ) ਚੜੀਗੜ੍ਹ
ਸੰਪਰਕ : 98143-00245, 75289-00045, 98153-01010, 87089-58920, 99888-02622, 99888-04622, 85260-48000

## ਦੇਹੁ ਸਜਣ ਅਸੀਸੜੀਆ ਜਿਉ ਹੋਵੈ ਸਾਹਿਬ ਸਿਉ ਮੇਲੁ ॥








ਭਾਈ ਅਮਰਿੰਦਰ ਸਿੰਘ, ਸਾਬਕਾ ਮੈਂਬਰ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਦੇ ਪਿਤਾ ਸ. ਤਾਰਾ ਸਿੰਘ ਜੀ, ਚੰਡੀਗੜ੍ਹ ਜੋ ਮਿਤੀ 10.05.2022 ਨੂੰ ਸਾਰਿਆਂ ਨੂੰ ਸਦੀਵੀ ਵਿਛੋੜਾ ਦੇ ਕੇ ਗੁਰੂ ਚਰਣਾਂ ਵਿੱਚ ਜਾ ਬਿਰਾਜੇ ਸਨ। ਉਨ੍ਹਾਂ ਦੀ ਅੰਤਿਮ ਅਰਦਾਸ 22.05.2022 ਨੂੰ ਗੁਰਦੁਆਰਾ ਸਾਹਿਬ, ਸੈਕਟਰ 8 ਵਿਖੇ ਮਨਾਈ ਗਈ, ਜਿਸ ਵਿੱਚ ਅਖੰਡ ਕੀਰਤਨੀ ਜੱਥਾ (ਰਜਿ.) ਚੰਡੀਗੜ੍ਹ ਵਲੋਂ ਭਾਈ ਨਿਰਵੈਰ ਸਿੰਘ ਜੀ, ਭਾਈ ਸ਼ਮਸ਼ੇਰ ਸਿੰਘ ਜੀ ਤੇ ਭਾਈ ਜਸਪ੍ਰੀਤ ਸਿੰਘ ਜੀ ਨੇ ਕੀਰਤਨ ਰਾਹੀਂ ਹਾਜਰੀ ਭਰੀ, ਉਪਰੰਤ ਸ੍ਰੀ ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਸ਼ੌਕੀਨ ਸਿੰਘ ਹੋਰਾਂ ਨੇ ਗੁਰੂ ਜਸ ਗਾ ਕੇ ਸੰਗਤਾਂ ਨੂੰ ਮੰਤਰ ਮੁਗਧ ਕੀਤਾ ਤੇ ਉਸ ਪਿਆਰੇ ਨੂੰ ਅਸੀਸਾਂ ਬਖਸੀਸਾਂ ਦੇ ਕੇ ਗੁਰੂ ਮਹਾਰਾਜ ਜੀ ਅੱਗੇ ਅਰਦਾਸਾਂ ਜੋਜੜੀਆਂ ਕੀਤੀਆਂ। ਪਰਿਵਾਰ ਨੇ ਸ. ਤਾਰਾ ਸਿੰਘ ਜੀ ਦੀ ਯਾਦ ਵਿੱਚ ਅਦਾਰਾ ਆਤਮ ਰੰਗ ਨੂੰ 10,000 ਦੀ ਸਹਾਇਤਾ ਦਿੱਤੀ।

Registered with the Registrar
of News Papers of India
Regd. No. R-70727/99

# ATAM RANG

*June 2022*

Postal Regd. No.
CHDG/0025/2021-23

## ਢਾਡੀ ਗੁਣ ਗਾਵੈ ਨਿਤੁ ਜਨਮ ਸਵਾਰਿਆ ॥
















ਹਰ ਸਾਲ ਦੀ ਤਰ੍ਹਾਂ ਸਲਾਨਾ ਅਖੰਡ ਕੀਰਤਨ ਸਮਾਗਮ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਰਾਜੌਰੀ ਗਾਰਡਨ, ਦਿੱਲੀ ਵਿਖੇ ਮਿਤੀ 19.05.2022 ਤੋਂ ਲੈ ਕੇ 22.05.2022 ਤਕ ਅਖੰਡ ਕੀਰਤਨੀ ਜੱਥਾ ਦਿੱਲੀ (ਰਜਿ.) ਵੱਲੋਂ ਮਨਾਇਆ ਗਿਆ। ਸੰਗਤਾਂ ਨੇ ਹੁੰਮ-ਹੁੰਮਾ ਕੇ ਕੀਰਤਨ ਦੀਆਂ ਹਾਜਰੀਆਂ ਭਰੀਆਂ ਤੇ ਹਰਜਸ ਦੇ ਲਾਹੇ ਪ੍ਰਾਪਤ ਕੀਤੇ। ਇਸ ਅਵਸਰ ਤੇ ਕੀਰਤਨੀ ਸਿੰਘਾਂ ਨੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਤੇ ਸੰਗਤਾਂ ਨੇ ਕੀਰਤਨ ਦੇ ਰੰਗ ਮਾਣ ਕੇ ਅਪਣਾ ਜੀਵਨ ਸਫਲ ਕੀਤਾ, ਪ੍ਰਬੰਧਕਾਂ ਨੇ ਰੱਜ-ਰੱਜ ਕੇ ਸੰਗਤਾਂ ਦੀ ਸੇਵਾ ਕੀਤੀ ਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ।